ੴ



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਮੁੱਲ : 10 ਰੁਪਏ ਸਤੰਬਰ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 9 ਸਾਲ ਦਸਵਾਂ ਸਤੰਬਰ 1998


| | | |
|---|---|---|
| ਮਿੱਤਰ ਅਸਾਡੜੇ ਸੇਈ | | 2 |
| ਕਰਉ ਬੇਨੰਤੀਆ | | 3 |
| ਗੁਰੂ ਘਰ ਦੇ ਕੀਰਤਨੀਏ | ਪ੍ਰਿੰਸੀਪਲ ਦਿਆਲ ਸਿੰਘ | 4 |
| ਤਬਲਾ | ਹਰਭਜਨ ਸਿੰਘ ਧਾਰੀਵਾਲ | 6 |
| ਪਰੇਮ | ਬੇਦੀ ਲਾਲ ਸਿੰਘ ਸਾਹਿਤਕਾਰ | 9 |
| ਮਾਸਟਰ ਗੁਲਾਮ ਹੈਦਰ ਦਾ ਕੀਰਤਨੀ ਪਿਛੋਕੜ | ਹਰਜਾਪ ਸਿੰਘ ਔਜਲਾ | 12 |
| MUSIC AS A HOBBY | ARUNA CHANDARAJU | 14 |
| ਡਿਪਲੋਮਾ ਇਨ ਗੁਰਮਤਿ ਸੰਗੀਤ (ਪਟਿਆਲੇ ਯੂਨੀਵਰਸਿਟੀ ਦਾ ਅਖੀਂ ਡਿੱਠਾ ਪਹਿਲਾ ਪੀ. ਸੀ. ਪੀ।) | | 17 |
| ਪੁਸਤਕ ਚਰਚਾ | ਡਾ. ਗੁਰਮੀਤ ਸਿੰਘ ਬੈਦਵਾਣ | 19 |
| ਸੁਰਲਿਪੀ-ਰਾਗ ਤਿਲੰਗ | ਡਾ. ਗੁਰਨਾਮ ਸਿੰਘ | 20 |
| ਸੁਰਲਿਪੀ-ਰਾਗੁ ਬਿਲਾਵਲ | ਪ੍ਰਿੰਸੀਪਲ ਜਸਵੰਤ ਸਿੰਘ | 21 |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ | ਮਨਮੋਹਨ ਸਿੰਘ | 22 |
| Matrimonial | | 23 |
| ਜੰਤਰੀ | | 24 |



**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

**ਕਾਰਜਕਾਰੀ ਸੰਪਾਦਕ**

ਡਾ. ਤ੍ਰਿਲੋਚਨ ਸਿੰਘ ਤਰਸੀ

**ਸਹਿਯੋਗੀ**

ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਲੇ ਆਉਟ : ਸੋਹਲ ਸਪੈਸ਼ਲਸ**

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696


**ਚੰਦੇ ਦਾ ਵੇਰਵਾ:**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ
422, ਸੈਕਟਰ 15-ਏ,
ਚੰਡੀਗੜ੍ਹ -160 015
ਫੋਨ : 772660


| ਇਸ਼ਤਿਹਾਰਾਂ ਦਾ ਵੇਰਵਾ | ਦੇਸ |
|---|---|
| ਪਿਛਲਾ ਕਵਰ | 2000 ਰੁ. |
| ਕਵਰ ਦੇ ਅੰਦਰਲੇ ਪੰਨੇ | 1500 ਰੁ. |
| ਸਧਾਰਨ ਪੂਰਾ ਪੰਨਾ | 1000 ਰੁ. |
| ਸਧਾਰਨ ਅੱਧਾ ਪੰਨਾ | 500 ਰੁ. |
| ਸਧਾਰਨ ਚੌਥਾਈ ਪੰਨਾ | 250 ਰੁ. |


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿਤ੍ਰ ਅਸਾਡੜੇ ਸੇਈ

ਪੰਜਾਬੀ ਸਾਹਿਤ ਕਲਾ ਸੰਗਮ ਵਲੋਂ ਆਪ ਨੂੰ ਸਨਮਾਨ ਮਿਲਿਆ। ਸਾਨੂੰ ਬਹੁਤ ਖੁਸ਼ੀ ਹੋਈ। ਸਾਡੀ ਅਰਦਾਸ ਹੈ ਵਾਹਿਗੁਰੂ ਇਸੇ ਤਰ੍ਹਾਂ ਆਪ ਤੇ ਕਿਰਪਾ ਕਰਦਾ ਰਹੇ ਤਾਂ ਕਿ ਤੁਸੀਂ ਉਤਸਾਹਿਤ ਹੋ ਕੇ ਕੀਰਤਨ ਅਤੇ 'ਅੰਮ੍ਰਿਤ ਕੀਰਤਨ' ਰਾਹੀਂ ਚੜ੍ਹਦੀ ਕਲਾ ਵਿੱਚ ਰਹਿ ਕੇ ਪੰਥ ਦੀ ਸੇਵਾ ਕਰਦੇ ਰਹੋ। ਪਿਛਲੇ ਮਹੀਨੇ 'ਅੰਮ੍ਰਿਤ ਕੀਰਤਨ' ਦੇ ਆਰਥਿਕ ਸੰਕਟ ਬਾਰੇ ਜਾਣਕੇ ਅਫਸੋਸ ਹੋਇਆ। ਧਾਰਮਿਕ ਮੈਗਜ਼ੀਨ ਹੋਰ ਵੀ ਬਹੁਤ ਹਨ ਪਰ 'ਅੰਮ੍ਰਿਤ ਕੀਰਤਨ' ਹੀ ਇੱਕ ਅਜਿਹਾ ਨਿਵੇਕਲਾ ਮੈਗਜ਼ੀਨ ਹੈ ਜੋ ਕੀਰਤਨ ਅਤੇ ਸੰਗੀਤ ਸੰਬੰਧੀ ਜਾਣਕਾਰੀ ਦਿੰਦਾ ਹੈ। ਇਸ ਕਰਕੇ ਇਸ ਨਾਲ ਸਾਡਾ ਭਾਵਾਤਮਕ ਰਿਸ਼ਤਾ ਜੁੜ ਗਿਆ ਹੈ। ਇਸ ਵਿਚੋਂ ਨਵੀਆਂ ਨਵੀਆਂ ਨੋਟੇਸ਼ਨਾਂ ਸਾਡੇ ਕੀਰਤਨ ਗਿਆਨ ਵਿੱਚ ਵਾਧਾ ਕਰਦੇ ਹਨ। ਇਸ ਵਿੱਚ ਲਿਖੇ ਸੰਪਾਦਕੀ ਕੀਰਤਨੀਆਂ ਲਈ ਚਾਨਣ ਮੁਨਾਰਾ ਹਨ। ਸਭ ਨੂੰ ਚਾਹੀਦਾ ਇਸ ਮੈਗਜ਼ੀਨ ਨੂੰ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਣ ਲਈ ਦਿਲ ਖੋਹਲ ਕੇ ਮਾਇਕ ਸਹਾਇਤਾ ਭੇਜਣ।

ਮੁੰਬਈ — ਅੱਛਰ ਸਿੰਘ

ਜੁਲਾਈ ਅੰਕ ਵਿੱਚ ਡਾ. ਦਰਸ਼ਨ ਸਿੰਘ ਨਰੂਲਾ ਜੀ ਦਾ ਲੇਖ 'ਹਿੰਦੁਸਤਾਨੀ ਸੰਗੀਤ ਵਿੱਚ ਪ੍ਰਚਲਿਤ ਗਾਇਨ ਸ਼ੈਲੀਆਂ ਭਰਪੂਰ ਜਾਣਕਾਰੀ ਦੇਣ ਵਾਲਾ ਸੀ। 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ ਜੀ।

ਪਟਨਾ — ਰਣਧੀਰ ਸਿੰਘ 'ਖਾਲਸਾ'

'ਅੰਮ੍ਰਿਤ ਕੀਰਤਨ' ਸਾਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬੜਾ ਲਾਹੇਵੰਦ ਮੈਗਜ਼ੀਨ ਹੈ। ਲਾਈਫ ਮੈਂਬਰਸ਼ਿਪ ਲਈ ਮਾਇਆ ਭੇਜ ਰਹੇ ਹਾਂ।

ਬੜੂ ਸਾਹਿਬ — ਪ੍ਰਿੰਸੀਪਲ (ਅਕਾਲ ਅਕੈਡਮੀ)

ਅਗਸਤ ਮਹੀਨੇ ਦਾ 'ਅੰਮ੍ਰਿਤ ਕੀਰਤਨ' ਬਹੁਤ ਪਸੰਦ ਆਇਆ। ਪ੍ਰੋ. ਬੂਟਾ ਸਿੰਘ ਹੰਸਪਾਲ ਬਾਰੇ ਆਪ ਦੇ ਵਿਚਾਰ ਵਧੀਆ ਸਨ। ਇਸੇ ਅੰਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗੀਤਮਈ ਸ਼ਬਦ ਰਚਨਾ, ਸ੍ਰੀ ਹਰਿਮੰਦਰ ਸਾਹਿਬ ਦੀਆਂ ਕੀਰਤਨ ਚੌਕੀਆਂ, ਸਿਖ ਧਰਮ ਵਿੱਚ ਸੰਗਤ ਅਤੇ ਕੀਰਤਨ ਲੇਖ ਕਾਬਲੇ ਤਾਰੀਫ ਸਨ। ਤਬਲੇ ਦਾ ਮਹੱਤਵ ਪੁਸਤਕ-ਜਾਣਕਾਰੀ ਅਤੇ ਭਾਈ ਸੰਤਾ ਸਿੰਘ ਜੀ ਬਾਰੇ ਲੇਖ ਨਿਵੇਕਲੇ ਸਨ।

ਮਲੋਟ — ਮੰਗਤ ਸਿੰਘ ਮਸਤਾਨਾ

'ਅੰਮ੍ਰਿਤ ਕੀਰਤਨ' ਪੜ੍ਹ ਕੇ ਬੜਾ ਅਨੰਦ ਆਇਆ। ਸੰਗੀਤ ਕੇਵਲ ਅਧਿਆਤਮਕ ਕਵਿਤਾਵਾਂ ਨੂੰ ਹੀ ਨਹੀਂ ਸਗੋਂ ਸਮਾਜਿਕ ਅਤੇ ਸਿਆਸੀ ਕਵਿਤਾਵਾਂ ਨੂੰ ਵੀ ਬਲ ਬਖਸ਼ਦਾ ਹੈ।-ਤੇ ਸ਼ਾਇਦ ਇਹੋ ਕਾਰਨ ਹੈ ਕਿ ਅੱਜ ਦੀ ਸਾਡੀ 'ਨਸਰੀ' ਕਵਿਤਾ ਆਪਣੇ ਬੌਧਿਕ ਗੁਣਾਂ ਦੇ ਹੁੰਦਿਆਂ ਵੀ ਜਨ-ਸਾਧਾਰਨ ਨੂੰ ਅਪੀਲ ਨਹੀਂ ਕਰ ਰਹੀ। ਸੰਗੀਤ ਪਸ਼ੂ ਪੰਛੀਆਂ ਤੇ ਰੁੱਖ-ਪੌਦਿਆਂ ਤਕ ਨੂੰ ਵੀ ਪ੍ਰਭਾਵਿਤ ਕਰਨ ਦੀ ਸਮਰਥਾ ਰਖਦਾ ਹੈ ਤੇ ਇਹੋ ਕਾਰਨ ਹੈ ਕਿ ਸੰਗੀਤਮਈ ਜਾਂ ਲੈਅਬੱਧ ਕਵਿਤਾ ਢੇਰ ਸਮੇਂ ਤਕ ਵੀ ਕਿਸੇ ਦੇ ਮਨੋ ਨਹੀਂ ਉਤਰਦੀ। ਕਾਸ਼ ਅਖੌਤੀ ਆਧੁਨਿਕਤਾ ਦੀ ਦਲਦਲ ਵਿੱਚ ਧਸਦੇ ਜਾ ਰਹੇ ਅੱਜ ਦੇ ਸਾਡੇ ਕਵੀ ਸੰਗੀਤ ਦੇ ਇਸ ਮਹੱਤਵ ਨੂੰ ਸਮਝ ਸਕਦੇ।

ਮੁਹਾਲੀ — ਸ਼ਿਵਨਾਥ

'ਅੰਮ੍ਰਿਤ ਕੀਰਤਨ' ਸਾਡੇ ਲਈ ਬੜਾ ਜ਼ਰੂਰੀ ਮੈਗਜ਼ੀਨ ਹੈ। ਲਾਈਫ ਮੈਂਬਰਸ਼ਿਪ ਲਈ ਚੰਦਾ ਭੇਜ ਰਹੀ ਹਾਂ।

ਲੁਧਿਆਣਾ — ਕੁਲਵੰਤ ਕੌਰ

ਜੁਲਾਈ ਦੇ 'ਅੰਮ੍ਰਿਤ ਕੀਰਤਨ' ਵਿੱਚ ਆਸਟ੍ਰੇਲੀਆ ਦੇ ਹਰਮਨ ਪਿਆਰੇ ਗੁਰਸਿੱਖ ਸੰਗੀਤਕਾਰ ਸ੍ਰ. ਦਇਆ ਸਿੰਘ ਸੰਬੰਧੀ ਪ੍ਰਿੰਸੀਪਲ ਗੁਰਮੁਖ ਸਿੰਘ ਨੇ ਬਹੁਤ ਦਿਲਚਸਪ ਲੇਖ ਲਿਖਿਆ ਹੈ। ਪ੍ਰਿੰਸੀਪਲ ਸਾਹਿਬ ਨੇ ਦਇਆ ਸਿੰਘ ਜੀ ਦੇ ਗੁਰਬਾਣੀ ਸੰਗੀਤ ਪੇਸ਼ ਕਰਨ ਦੇ ਨਵੀਨ ਢੰਗ ਤੇ ਚਾਨਣ ਪਾਇਆ ਹੈ। ਇਸ ਤਰ੍ਹਾਂ ਦੇ ਪਰਚਾਰ ਢੰਗ ਦੀ ਅੱਜ ਬਹੁਤ ਲੋੜ ਹੈ। ਦਇਆ ਸਿੰਘ ਨੂੰ ਅਸੀਂ ਆਸਟ੍ਰੇਲੀਆ, ਮਲੇਸ਼ੀਆ ਅਤੇ ਸਿੰਘਾਪੁਰ ਵਿੱਚ ਪਿਛਲੇ ਪੰਜ ਸਾਲ ਤੋਂ ਕੇਵਲ ਸਿੱਖਾਂ ਵਿੱਚ ਹੀ ਨਹੀਂ ਸਗੋਂ ਅੰਗਰੇਜ਼ਾਂ ਅਤੇ ਹੋਰ ਕੌਮਾਂ ਵਿੱਚ ਗੁਰ ਸ਼ਬਦ ਸੰਗੀਤ ਪੇਸ਼ ਕਰਦਿਆਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੁਨੀਆਂ ਲਈ ਸੁਨੇਹਾ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਦਿੰਦਿਆਂ ਵੇਖ ਰਹੇ ਹਾਂ। ਖਾਸ ਕਰਕੇ ਸਾਡੇ ਬੱਚੇ ਜੋ ਪਰਦੇਸ਼ਾਂ ਵਿੱਚ ਜੰਮੇ ਪਲੇ ਹਨ ਅਤੇ ਜੋ ਪੰਜਾਬ/ਭਾਰਤ ਤੋਂ ਆਏ ਵਿਦਵਾਨਾਂ/ਰਾਗੀਆਂ/ਸੰਗੀਤਕਾਰਾਂ ਦੇ ਭਾਰੇ ਪੰਜਾਬੀ ਭਾਸ਼ਨਾਂ ਤੋਂ ਕੁਝ ਵੀ ਹਾਸਲ ਨਹੀਂ ਕਰ ਸਕਦੇ ਉਹ ਦਇਆ ਸਿੰਘ ਦਾ ਕੀਰਤਨ ਅਤੇ ਸਿੱਖੀ ਬਾਰੇ ਸਿੱਧੇ ਸਾਦੇ ਵਿਚਾਰ ਜ਼ਰੂਰ ਸੁਣਦੇ ਹਨ ਅਤੇ ਲਾਹਾ ਪ੍ਰਾਪਤ ਕਰਦੇ ਹਨ।

ਆਸਟ੍ਰੇਲੀਆ ਦੇ ਸਕੂਲਾਂ ਵਿੱਚ ਗੋਰੇ ਬੱਚੇ ਵੀ ਦਇਆ ਸਿੰਘ ਬਾਰੇ ਜਾਣਦੇ ਹਨ ਅਤੇ ਸਾਡੇ ਬੱਚਿਆਂ ਦਾ ਸਿੱਖੀ ਨਾਲ ਅਤੇ ਗੁਰਮਿਤ ਸੰਗੀਤ ਨਾਲ ਇਸ ਤਰ੍ਹਾਂ ਪਿਆਰ ਵਧੇਗਾ।

ਅਸੀਂ ਸਿੱਖ ਸੁਸਾਇਟੀ ਆਫ ਸਾਊਥ ਆਸਟ੍ਰੇਲੀਆ ਵਲੋਂ 'ਅੰਮ੍ਰਿਤ ਕੀਰਤਨ' ਦਾ ਧੰਨਵਾਦ ਕਰਦੇ ਹਾਂ ਜਿਸ ਨੇ ਸਾਡੇ ਪਿਆਰੇ ਦਇਆ ਸਿੰਘ ਦਾ ਨਾਂ ਸਿੱਖ ਜਗਤ ਵਿੱਚ ਚਮਕਾਉਣ ਦਾ ਉਪਰਾਲਾ ਕੀਤਾ ਹੈ। ਅਸੀਂ ਆਸ ਕਰਦੇ ਹਾਂ ਅਜਿਹੇ ਨਵੇਂ ਯੁਗ ਦੇ ਹੋਰ ਵੀ ਕਲਾਕਾਰ ਪੈਦਾ ਹੋਣਗੇ।

ਸਿੱਖ ਸੁਸਾਇਟੀ ਆਸਟਰੇਲੀਆ — ਬਹਾਲ ਸਿੰਘ
ਐਗਲੇਡ — ਸਕੱਤਰ

# ਕਰਉ ਬੇਨੰਤੀਆ

## ਸੁਚੱਜ

ਜਦੋਂ ਮੈਂ ਅੱਠਵੀਂ ਸ਼੍ਰੇਣੀ ਵਿੱਚ ਪੜ੍ਹਦਾ ਸਾਂ ਤਾਂ ਮੇਰੀ ਲਿਖਾਈ ਸੁੰਦਰ ਨਹੀਂ ਸੀ। ਮੇਰਾ ਕੰਮ ਕਰਨ ਦਾ ਸਲੀਕਾ ਵੀ ਵਧੀਆ ਨਹੀਂ ਸੀ, ਇਸ ਕਰਕੇ ਅੱਠਵੀਂ ਵਿਚੋਂ ਮੈਂ ਮਸਾਂ ਹੀ ਪਾਸ ਹੋਇਆ ਸਾਂ। ਜਦੋਂ ਨੌਵੀਂ ਵਿੱਚ ਦਾਖਲ ਹੋਇਆ ਤਾਂ ਉੱਥੇ ਪੰਜਾਬੀ ਦੇ ਅਧਿਆਪਕ ਸਨ-ਗਿਆਨੀ ਬਲਵੰਤ ਸਿੰਘ ਜੀ।

ਇਕ ਦਿਨ ਉਹਨਾਂ ਨੇ ਸਾਰੇ ਵਿਦਿਆਰਥੀਆਂ ਦੇ ਬਸਤੇ ਵੇਖੇ। ਮੇਰਾ ਉਗੜ-ਦੁਗੜਾ ਬਸਤਾ ਵੇਖ ਕੇ ਕਹਿਣ ਲੱਗੇ ਆਪਣੀਆਂ ਕਾਪੀਆਂ-ਕਿਤਾਬਾਂ ਨੂੰ ਸਾਫ਼ ਰੱਖਿਆ ਕਰ। ਇਹਨਾਂ ਉੱਤੇ ਕਵਰ ਚੜ੍ਹਾਓ। ਮੇਰੀ ਕਾਪੀ ਵੇਖ ਕੇ ਉਹ ਬਹੁਤ ਗੁੱਸੇ ਹੋਏ, ਉਸ ਵਿੱਚ ਬੜੀ ਭੈੜੀ ਤਰ੍ਹਾਂ ਲਿਖਿਆ ਹੋਇਆ ਸੀ। ਉਹਨਾਂ ਨੇ ਕਿਹਾ ਕਿ ਰਫ਼ ਕਾਪੀ ਵਿੱਚ ਕੰਮ ਰਫ਼ ਤਰੀਕੇ ਨਾਲ ਨਹੀਂ ਲਿਖਣਾ, ਇਸ ਤਰ੍ਹਾਂ ਲਿਖਾਈ ਵਿਗੜ ਜਾਂਦੀ ਹੈ। ਹਮੇਸ਼ਾ ਚੰਗੇ ਤਰੀਕੇ ਨਾਲ ਲਿਖਣਾ ਹੈ। ਉਹਨਾਂ ਨੇ ਮੇਰੀ ਲਿਖਾਈ ਵੇਖ ਕੇ ਦੱਸਿਆ "ਤੇਰੀ ਲਿਖਾਈ ਇਤਨੀ ਮਾੜੀ ਨਹੀਂ ਜਿੰਨੀ ਲਿਖਣਾ ਹੈ।" ਉਹਨਾਂ ਨੇ ਮੇਰੇ ਅਭਿਆਸ ਲਈ ਮੈਨੂੰ ਕੁਝ ਸ਼ਬਦ ਦੱਸ ਦਿੱਤੇ ਜਿਹਨਾਂ ਨੂੰ ਰੋਜ਼ ਵੀਹ ਵਾਰੀ ਲਿਖਣਾ ਸੀ। ਇਸ ਤਰ੍ਹਾਂ ਮੇਰੀ ਲਿਖਾਈ ਵਿੱਚ ਉਹ ਅੱਖਰ ਅਤੇ ਲਗਾਂ-ਮਾਤਰਾਂ ਠੀਕ ਲਿਖੀਆਂ ਜਾਣ ਲੱਗ ਪਈਆਂ ਜਿਹਨਾਂ ਕਾਰਨ ਮੇਰੀ ਲਿਖਾਈ ਵਿਗੜ ਜਾਂਦੀ ਸੀ। ਇਹੀ ਤਰੀਕਾ ਮੈਂ ਆਪਣੀ ਹਿੰਦੀ ਅਤੇ ਅੰਗਰੇਜ਼ੀ ਦੀ ਲਿਖਾਈ ਸੁਧਾਰਨ ਲਈ ਵਰਤਿਆ ਤਾਂ ਮੇਰੀ ਲਿਖਾਈ ਪਹਿਲਾਂ ਨਾਲੋਂ ਕਾਫ਼ੀ ਚੰਗੀ ਹੋ ਗਈ। ਗਿਆਨੀ ਜੀ ਸਦਾ ਕਹਿੰਦੇ ਹੁੰਦੇ ਸਨ ਜਿਹੜਾ ਕੰਮ ਕਰੋ ਸੁਚੇਤ ਹੋ ਕੇ ਕਰੋ। ਉਸ ਕੰਮ ਨੂੰ ਵਧੀਆ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰੋ।

ਜਦੋਂ ਮੈਂ ਸੰਗੀਤ ਵਿਚ ਵਿਧੀਵੱਤ ਸਿੱਖਿਆ ਲੈਣੀ ਸ਼ੁਰੂ ਕੀਤੀ ਤਾਂ ਇਹੋ ਜਿਹੀ ਸਿੱਖਿਆ ਹੀ ਮੇਰੇ ਸੰਗੀਤ ਅਧਿਆਪਕ ਪ੍ਰੋ. ਯਸ਼ਪਾਲ ਜੀ (ਚੰਡੀਗੜ੍ਹ) ਨੇ ਦਿੱਤੀ। ਉਹਨਾਂ ਦਾ ਕਹਿਣਾ ਸੀ ਕਦੀ ਵੀ ਆਵਾਜ਼-ਸੁਰ ਅਣਗਹਿਲੀ ਨਾਲ ਨਹੀਂ ਲਾਉਣੀ। ਇਕ ਸੁਰ ਤੋਂ ਦੂਜੇ ਸੁਰ ਤਕ ਜਾਣਾ, ਠਹਿਰਨਾ ਤੇ ਫਿਰ ਉਸ ਨੂੰ ਛੱਡਣਾ, ਇਸ ਦਾ ਧਿਆਨ ਰੱਖਣਾ ਹੈ। ਉਹਨਾਂ ਨੇ ਰਾਗਾਂ ਦੇ ਸਰੂਪ, ਅੱਖਰਾਂ ਦੀ ਬਨਾਵਟ ਦੀਆਂ ਮਿਸਾਲਾਂ ਦੇ ਕੇ ਸਮਝਾਉਣਾ। ਉਹਨਾਂ ਅਨੁਸਾਰ ਹਰ ਰਾਗ ਦੀ ਇੱਕ ਆਪਣੀ ਸ਼ਕਲ ਹੁੰਦੀ ਹੈ ਜਿਵੇਂ ਟ, ਦ, ਢ ਆਦਿ ਅੱਖਰਾਂ ਵਿੱਚ ਕੇਵਲ ਕੁਝ ਘੁੰਡੀਆਂ ਦਾ ਅੰਤਰ ਹੈ, ਇਵੇਂ ਰਾਗਾਂ ਦੀਆਂ ਸੁਰ-ਸੰਗਤੀਆਂ ਵੀ ਕੁਝ ਘੁੰਡੀਆਂ ਬਣਾਉਂਦੀਆਂ ਹਨ ਜਿਹਨਾਂ ਕਰਕੇ ਰਾਗਾਂ ਵਿੱਚ ਅੰਤਰ ਪੈਦਾ ਹੋ ਜਾਂਦੇ ਹਨ। ਸੁਚੱਜੇ ਮਨੁੱਖ ਹੀ ਆਮ ਤੌਰ 'ਤੇ ਵਧੀਆ ਕਲਾਕਾਰ ਹੁੰਦੇ ਹਨ। ਸ੍ਰ. ਸੋਭਾ ਸਿੰਘ ਪ੍ਰਸਿੱਧ ਚਿਤਰਕਾਰ ਦੀ ਸਵੈ-ਜੀਵਨੀ ਵਿੱਚ ਲਿਖੀ ਇਹ ਵਾਰਤਾ ਵੀ ਕੁਝ ਇਸ ਤਰ੍ਹਾਂ ਦਾ ਵਿਚਾਰ ਹੀ ਪ੍ਰਗਟ ਕਰਦੀ ਹੈ।

ਜਰਮਨੀ ਵਿਚ ਦਸਦੇ ਹਨ ਕਿ ਜਰਮਨੀ ਵਿੱਚ ਇੱਕ ਓਪੇਰਾ ਹਾਊਸ ਦੇ ਮਾਲਿਕ ਨੂੰ ਇਕ ਚੰਗੇ ਵਾਇਲਨ-ਵਾਦਕ ਦੀ ਲੋੜ ਪਈ ਤਾਂ ਉਸ ਨੇ ਆਪਣੇ ਇਕ ਏਜੇਂਟ ਨੂੰ ਪੁੱਛਿਆ ਕਿ ਕਿਸੇ ਬੜੇ ਚੰਗੇ ਵਾਇਲਿਨ ਵਜਾਉਣ ਵਾਲੇ ਦਾ ਪਤਾ ਦੇਵੇ। ਏਜੈਂਟ ਨੇ ਕਿਹਾ "ਵਾਇਲਿਨ ਵਜਾਉਣ ਵਾਲਾ ਇਕ ਬੜਾ ਚੰਗਾ ਆਦਮੀ ਤਾਂ ਹੈ, ਪਰ ਆਪਣੀ ਟਰਾਈ ਦੇਣ ਵਾਸਤੇ ਉਹ ਤੇਰੇ ਪਾਸ ਨਹੀਂ ਆਵੇਗਾ, ਸਗੋਂ ਸਾਨੂੰ ਉਸ ਦੇ ਪਾਸ ਜਾਣਾ ਪਵੇਗਾ। ਉਹ ਇਕ ਪਹਾੜੀ ਪਿੰਡ ਵਿਚ ਰਹਿੰਦਾ ਹੈ। ਜੇ ਤੈਨੂੰ ਉਸ ਦੀ ਵਾਇਲਨ ਵਜਾਉਣੀ ਪਸੰਦ ਆ ਗਈ ਤਾਂ ਫੇਰ ਮੈਂ ਉਸ ਨੂੰ ਬੇਨਤੀ ਕਰਾਂਗਾ ਕਿ ਉਹ ਤੇਰੇ ਪਾਸ ਨੌਕਰੀ ਕਰ ਲਵੇ, ਸ਼ਾਇਦ ਫੇਰ ਮੰਨ ਹੀ ਜਾਵੇ। ਜੇ ਤੂੰ ਉਸ ਦੇ ਘਰ ਜਾਣਾ ਮੰਨ ਜਾਏਂ ਤਾਂ ਅਸੀਂ ਵੈਸੇ ਹੀ ਉਸ ਨੂੰ ਵਾਇਲਨ ਸੁਣਾਣ ਵਾਸਤੇ ਬੇਨਤੀ ਕਰਾਂਗੇ, ਜੋ ਉਹ ਜ਼ਰੂਰ ਮੰਨ ਜਾਏਗਾ, ਪਰ ਟਰਾਈ ਦੇਣ ਵਾਸਤੇ ਨਹੀਂ ਮੰਨੇਗਾ। ਜੇ ਤੈਨੂੰ ਉਹਦੀ ਕਲਾ ਪਸੰਦ ਆ ਗਈ ਤਾਂ ਫੇਰ ਮੈਂ ਉਸ ਨੂੰ ਬੇਨਤੀ ਕਰ ਵੇਖਾਂਗਾ, ਸ਼ਾਇਦ ਮੰਨ ਜਾਵੇ।" ਸੋ ਉਹ ਦੋਵੇਂ ਉਸ ਕਲਾਕਾਰ ਦੇ ਘਰ ਉਸ ਦੇ ਪਿੰਡ ਗਏ ਤਾਂ ਉਹ ਆਪਣੇ ਬਗੀਚੇ ਵਿਚ ਸੂਰਜ ਵੱਲ ਪਿੱਠ ਕਰੀ ਬੈਠਾ ਸੀ। ਇਹਨਾਂ ਨੂੰ ਵੇਖ ਕੇ ਅਗੋਂ ਆਪਣਾ ਫਾਟਕ ਖੁਲ੍ਹ ਕੇ ਉਹਨਾਂ ਨੂੰ ਬੜੀ ਚੰਗੀ ਤਰ੍ਹਾਂ ਮਿਲਿਆ। ਅੰਦਰੋਂ ਆਪ ਕੁਰਸੀਆਂ ਕੱਢ ਕੇ ਲਿਆਇਆ। ਬੈਠਣ ਤੇ ਉਹਨਾਂ ਦਾ ਰੱਲ ਕੇ ਆਉਣ ਵਾਸਤੇ ਹਾਰਦਿਕ ਧੰਨਵਾਦ ਕੀਤਾ। ਫੇਰ ਕੁਝ ਖਾਣ ਪੀਣ ਵਾਸਤੇ ਪੁੱਛਿਆ। ਪਰ ਇਹਨਾਂ ਨੇ ਕਿਹਾ ਕਿ ਅਸੀਂ ਹੁਣੇ ਹੀ ਬ੍ਰੇਕਫਾਸਟ ਲੈ ਕੇ ਆਏ ਹਾਂ, ਸਾਨੂੰ ਕਿਸੇ ਸ਼ੈ ਦੀ ਲੋੜ ਨਹੀਂ। ਫੇਰ ਉਹਨਾਂ ਨੂੰ ਸਿਗਰਟ-ਸਿਗਾਰ ਨਾ ਪੇਸ਼ ਕਰ ਸਕਣ ਲਈ ਮੁਆਫ਼ੀ ਮੰਗੀ ਕਿ ਮੁਆਫ਼ ਕਰਨਾ ਮੈਂ ਆਪ ਸਮੋਕ ਨਹੀਂ ਕਰਦਾ, ਇਸ ਵਾਸਤੇ ਘਰ ਵਿਚ ਕੋਈ ਸਮੋਕ ਕਰਨ ਵਾਲੀ ਸ਼ੈ ਨਹੀਂ ਹੈ। ਤੁਸੀਂ ਮੇਰੇ ਬਾਗ਼ ਦੇ ਮਾਲਟੇ ਖਾਓ। ਅਤੇ ਇਸ ਪ੍ਰੇਮ ਨਾਲ ਕਿਹਾ ਕਿ ਨਾਂਹ ਨਾ ਕਰ ਸਕੇ। ਤਾਂ ਫੇਰ ਬੱਚਿਆਂ ਵਾਂਗ ਨੱਠ ਕੇ ਗਿਆ ਤੇ ਕੁਝ ਮਾਲਟੇ ਤੋੜ ਲਿਆਇਆ। ਅੰਦਰੋਂ ਜਾ ਕੇ ਪਲੇਟਾਂ, ਲੂਣ, ਛੋਟੀ ਜਹੀ ਛੁਰੀ ਤੇ ਕੈਂਚੀ ਭੀ ਲੈ ਆਂਦੀ। ਮਾਲਟਿਆਂ ਨੂੰ ਪਹਿਲਾਂ ਕਲਾਕਾਰ ਨੇ ਛੁਰੀ ਨਾਲ ਛਿੱਲਿਆ। ਹੱਥ ਵਿਚ ਰਬੜ ਦੇ ਦਸਤਾਨੇ ਸਨ। ਫੇਰ ਫਾੜੀਆਂ ਵੱਖੋ-ਵੱਖ ਕੀਤੀਆਂ। ਫੇਰ ਚਿਮਟੀ ਨਾਲ ਫਾੜੀਆਂ ਤੋਂ ਤਾਰਾਂ ਲਾਹੀਆਂ, ਫੇਰ ਫਾੜੀਆਂ ਨੂੰ ਅੰਦਰੇ ਬੰਨਿਓਂ ਕੈਂਚੀ ਨਾਲ ਕੱਟਿਆ, ਤੇ ਤਸ਼ਤਰੀ ਵਿਚ ਰੱਖ ਕੇ ਬੜੇ ਅਦਬ ਨਾਲ ਪੇਸ਼ ਕੀਤੇ। ਨਾਲ ਨਮਕ ਅੱਗੇ ਕਰ ਦਿੱਤਾ, ਅਤੇ ਏਨੇ ਚਿਰ ਨੂੰ ਉਸ ਦੀ ਪਤਨੀ ਉਂਗਲੀਆਂ ਦੇ ਪੋਟੇ ਧੋਣ ਲਈ ਇਕ ਟਰੇ ਵਿਚ ਰਖੀਂ ਸ਼ੀਸ਼ੇ ਦੀਆਂ ਪਿਆਲੀਆਂ ਵਿਚ ਨੀਮ ਗਰਮ ਪਾਣੀ ਤੇ ਰੋਮਾਲ ਲੈ ਆਈ। ਕਲਾਕਾਰ ਨੇ ਉੱਠ ਕੇ ਆਪਣੀ ਪਤਨੀ ਦੀ ਜਾਣ-ਪਛਾਣ ਮਹਿਮਾਨਾਂ ਨੂੰ ਕਰਵਾਈ ਤੇ ਨਾਲੇ ਉਸ ਨੂੰ ਕੁਰਸੀ ਤੇ ਬਿਠਾ ਕੇ ਨੱਠ ਕੇ ਅੰਦਰੋਂ ਆਪਣੇ ਵਾਸਤੇ ਕੁਰਸੀ ਚੁੱਕ ਲਿਆਇਆ ਤੇ ਬਹਿ ਗਿਆ।

ਮਹਿਮਾਨਾਂ ਨੇ ਬੜੇ ਪਿਆਰ ਨਾਲ ਮਾਲਟੇ ਖਾਧੇ ਤੇ ਉਸ ਦਾ ਹਾਰਦਿਕ ਧੰਨਵਾਦ ਕੀਤਾ। ਫੇਰ ਓਪੇਰਾ ਦੇ ਮਾਲਿਕ ਨੇ ਆਪਣਾ ਵਿਜ਼ਿਟਿੰਗ ਕਾਰਡ ਉਸ ਨੂੰ ਪੇਸ਼ ਕਰਕੇ ਆਪਣੇ ਘਰ ਆਉਣ ਦਾ ਸੱਦਾ ਦੇ ਕੇ ਉਠ ਕੇ ਉਸ ਤੋਂ ਵਿਦਾ ਮੰਗੀ, ਤੇ ਕਲਾਕਾਰ ਤੇ ਉਸ ਦੀ ਪਤਨੀ ਉਹਨਾਂ ਨੂੰ ਉਹਨਾਂ ਦੀ ਕਾਰ ਤਕ ਛੱਡਣ ਆਏ। ਪਿੰਡ ਤੋਂ ਨਿਕਲਣ ਪਿਛੋਂ ਏਜੰਟ ਨੇ ਓਪੇਰਾ ਦੇ ਮਾਲਿਕ ਨੂੰ ਹੱਸ ਕੇ ਪੁਛਿਆ ਕਿ ਜਿਸ ਕੰਮ ਅਸੀਂ ਆਏ ਸਾਂ ਉਹ ਤਾਂ ਤੁਸੀਂ ਕੀਤਾ ਹੀ ਨਹੀਂ ਤੇ ਮਾਲਟੇ ਖਾ ਕੇ ਹੀ ਤੁਰ ਆਏ। ਤਾਂ ਮਾਲਿਕ ਨੇ ਕਿਹਾ, "ਜੋ ਆਦਮੀ ਮਾਲਟੇ ਇਸ ਖ਼ੂਬਸੂਰਤੀ ਨਾਲ ਖੁਆਂਦਾ ਹੈ, ਉਹ ਜ਼ਰੂਰ ਵਾਇਲਿਨ ਭੀ ਏਸੇ ਖ਼ੂਬਸੂਰਤੀ ਨਾਲ ਵਜਾਂਦਾ ਹੋਵੇਗਾ। ਤੁਸੀਂ ਮੇਰੇ ਵਲੋਂ ਇਹਨਾਂ ਨੂੰ ਬੇਨਤੀ ਕਰੋ ਕਿ ਮੇਰੀ ਮਦਦ ਕਰਨ, ਮੈਨੂੰ ਇਕ ਚੰਗੇ ਵਾਇਲਿਨਿਸਟ ਦੀ ਲੋੜ ਹੈ, ਤਨਖ਼ਾਹ ਜੋ ਮੰਗਣਗੇ ਮੈਂ ਦਿਆਂਗਾ।"

# ਗੁਰੂ ਘਰ ਦੇ ਕੀਰਤਨੀਏ

## ਪ੍ਰਿੰਸੀਪਲ ਦਿਆਲ ਸਿੰਘ*

ਗੁਰੂ ਸਾਹਿਬਾਨ ਦੇ ਸਮੇਂ ਕੀਰਤਨ ਕਰਨ ਦੀ ਕੀ ਮਰਯਾਦਾ ਸੀ, ਇਸ ਸੰਬੰਧੀ ਲਿਖਤ ਰੂਪ ਵਿਚ ਤਾਂ ਸਾਡੇ ਪਾਸ ਕੋਈ ਸਬੂਤ ਨਹੀਂ। ਪਰ ਤਾਂ ਵੀ ਸੀਨੇ-ਬਸੀਨੇ ਚਲੀਆਂ ਆ ਰਹੀਆਂ ਸ਼ਬਦ-ਰੀਤਾਂ (ਟਿਊਨਾਂ) ਤੋਂ ਇਸ ਗੱਲ ਦਾ ਅਨੁਮਾਨ ਲਗਦਾ ਹੈ ਕਿ ਪੁਰਾਤਨ ਸਮੇਂ ਵਿਚ ਗੁਰੂ ਕੇ ਕੀਰਤਨੀਏਂ (ਰਾਗੀ-ਰਬਾਬੀ) ਗੁਰਬਾਣੀ ਦੇ ਅਭਿਆਸੀ ਅਰਥ-ਬੋਧ ਦੇ ਗਿਆਤਾ ਅਤੇ ਰਾਗ-ਤਾਲ ਵਿਚ ਨਿਪੁੰਨ (ਧਰੁੰਧਰ) ਹੁੰਦੇ ਸੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਰਾਗਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਰਾਗਾਂ ਵਿਚ ਉਹ ਗੁਰਬਾਣੀ ਗਾਇਨ ਕਰਦੇ ਸਨ। ਆਮ ਕੀਰਤਨ ਚੌਕੀ ਤੋਂ ਇਲਾਵਾ ਅਲਾਹੁਣੀਆਂ, ਘੋੜੀਆਂ, ਛੰਦ, ਮਾਰੂ ਸੋਹਿਲੇ ਤੇ ਅਸਟਪਦੀਆਂ ਨੂੰ ਬੜੇ ਬਿਖੜੇ ਤਾਲਾਂ ਵਿਚ ਗਾਉਂਦੇ ਸਨ। ਭਾਵ, ਅਸਟਪਦੀਆਂ ਦੇ ਅੱਠੇ ਪਦੇ ਭਿੰਨ-ਭਿੰਨ ਤਾਲਾਂ ਵਿਚ ਗਾਉਂਣਾ, ਇਸੇ ਤਰ੍ਹਾਂ 'ਛੰਤ' ਦੇ ਚਾਰੇ ਪਦੇ ਰੂਪਕ, ਸੂਲਫਕ, ਇਕਤਾਲਾ ਤੇ ਤਿੰਨਤਾਲ ਇਤਿਆਦਿ ਤਾਲਾਂ ਵਿਚ ਗਾਇਨ ਕਰਨਾ। ਇਸ ਤੋਂ ਇਲਾਵਾ ਜਦੋਂ ਗੁਰਪੁਰਬਾਂ ਦੇ ਮੌਕੇ ਜਾਂ ਕਿਸੇ ਖਾਸ ਉਤਸਵ ਸਮੇਂ ਕੀਰਤਨ ਦਰਬਾਰ ਹੁੰਦੇ ਤਾਂ ਰਾਗੀ ਸਿੰਘ ਆਪਣਾ ਹੁਨਰ ਦਿਖਾਉਣ ਲਈ ਆਦਿ ਗ੍ਰੰਥ ਵਿਚ ਲਿਖਿਆਂ ਪੜਤਾਲਾਂ ਤੇ ਅਸਟਪਦੀਆਂ ਨੂੰ ਭਿੰਨ-ਭਿੰਨ ਰਾਗਾਂ ਤੇ ਤਾਲਾਂ ਵਿਚ ਗਾਇਨ ਕਰ ਸਿੱਖ ਸੰਗਤਾਂ ਤੋਂ 'ਵਾਹ-ਵਾਹ' ਖੱਟਦੇ ਅਤੇ ਰੱਜੇ-ਪੁੱਜੇ ਸਿੱਖ ਸਰਦਾਰ ਪ੍ਰਸੰਨ ਹੋ ਆਪਣੇ ਵੱਲੋਂ ਸੋਨੇ ਦੇ ਕੜੇ-ਕੰਠੇ ਭੇਟ ਕਰਦੇ। ਇਸ ਤਰ੍ਹਾਂ ਦੇ ਕੀਰਤਨ ਦਰਬਾਰਾਂ ਦੇ ਨਜ਼ਾਰੇ ਸੰਨ 1920-25 ਤਕ ਵੇਖਣ-ਸੁਣਨ ਵਿਚ ਆਏ ਹਨ।

ਸੰਨ 1925 ਵਿਚ ਜਦੋਂ "ਗੁਰਦੁਆਰਾ ਐਕਟ" ਬਣਿਆ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਪੰਥ ਦੇ ਆਗੂਆਂ ਹੱਥ ਆਇਆਂ ਤਾਂ ਉਨ੍ਹਾਂ ਵਿਚ ਸਹਿਜੇ-ਸਹਿਜੇ ਐਸੇ ਬੰਦੇ ਸ਼ਾਮਲ ਹੋ ਗਏ ਜਿਨ੍ਹਾਂ ਨੂੰ ਨਾ ਗੁਰਬਾਣੀ ਦਾ ਗਿਆਨ ਸੀ ਅਤੇ ਨਾ ਹੀ ਰਾਗ-ਤਾਲ ਦੀ ਸੂਝ! ਕੇਵਲ ਚੌਦਰਾਹਟ ਜਾਂ ਅਸੈਂਬਲੀਆਂ ਤਕ ਪਹੁੰਚਣਾ ਹੀ ਉਨ੍ਹਾਂ ਦਾ ਲੱਕਸ਼ ਹੁੰਦਾ ਸੀ। ਸੋ, ਐਸੇ ਪ੍ਰਬੰਧਕਾਂ ਨੇ ਕੀਰਤਨ ਮਰਯਾਦਾ ਵੱਲ ਕਿੱਥੇ ਧਿਆਨ ਦੇਣਾ ਸੀ, ਉਨ੍ਹਾਂ ਨੂੰ ਤਾਂ ਇਸ ਗੱਲ ਦੀ ਸੋਝੀ ਹੀ ਨਹੀਂ ਸੀ ਕਿ ਚੰਗੇ ਕੀਰਤਨੀਏ ਤਿਆਰ ਕਰਨ ਲਈ ਕੀਰਤਨ ਟਕਸਾਲਾਂ (ਗੁਰਮਤਿ ਵਿਦਿਆਲੇ) ਹੋਣੇ ਭੀ ਜ਼ਰੂਰੀ ਹਨ।

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਾਂ ਸਭਾ-ਸੁਸਾਇਟੀਆਂ ਨੇ ਗੁਰਮਤਿ ਸੰਗੀਤ ਵਿਦਿਆਲੇ ਤਾਂ ਕੀ ਖੋਲ੍ਹਣੇ ਸਨ, ਸਗੋਂ ਜਿਹੜੇ ਉਸ ਸਮੇਂ ਸੰਤਾਂ-ਸਾਧਾਂ ਦੇ ਸਹਿਯੋਗ ਨਾਲ ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਗੋਇੰਦਵਾਲ ਆਦਿ ਥਾਵਾਂ ਤੇ ਵਿਦਿਆਲੇ (ਆਸ਼ਰਮ) ਚਲ ਰਹੇ ਸਨ, ਉਨ੍ਹਾਂ ਦੀ ਕਿਸੇ ਖਬਰ-ਸਾਰ ਭੀ ਨਾ ਲਈ। ਇੰਜ ਮਾਇਆ ਦੀ ਘਾਟ ਕਾਰਣ ਉਹ ਭੀ ਸਹਿਜੇ-ਸਹਿਜੇ ਬੰਦ ਹੋ ਗਏ। ਬਾਕੀ ਰਹਿ ਗਏ ਗਿਣਤੀ ਦੇ ਰਾਗੀ ਜੱਥੇ। ਜਿਵੇਂ, ਭਾਈ ਸੁੰਦਰ ਸਿੰਘ ਜੀ (ਚਾਵਲ ਮੰਡੀ ਅੰਮ੍ਰਿਤਸਰ) ਭਾਈ ਹੀਰਾ ਸਿੰਘ ਜੀ ਫਰੁਕਾ ਵਾਲੇ, ਭਾਈ ਸੁੱਧ ਸਿੰਘ, ਭਾਈ ਪ੍ਰਧਾਨ ਸਿੰਘ ਜੀ, ਭਾਈ ਪੂਰਣ ਸਿੰਘ (ਤਰਨਤਾਰਨ) ਭਾਈ ਸਮੁੰਦ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਬਹਾਦਰ ਸਿੰਘ ਜੀ, ਚਮਕ, ਭਾਈ ਸੰਤਾ ਸਿੰਘ ਕਮਲ, ਭਾਈ ਗੁਰਮੁਖ ਸਿੰਘ, ਭਾਈ ਸਰਮੁਖ ਸਿੰਘ ਜੀ, ਭਾਈ ਪਾਲ ਸਿੰਘ ਜਸਪਾਲ ਸਿੰਘ ਜੀ, ਭਾਈ ਧਰਮ ਸਿੰਘ ਜ਼ਖ਼ਮੀ, ਇਤਿਆਦਿ। ਜੋ ਉਸ ਵਕਤ ਦੇ ਪ੍ਰਸਿੱਧ ਕੀਤਰਨੀਏ ਅਤੇ ਉੱਚ ਆਚਾਰ-ਵਿਚਾਰ ਵਾਲੇ ਗੁਰਸਿੱਖ ਸਨ, ਸਿੱਖ ਪੰਥ ਦੇ ਉਹ ਅਮੋਲਕ ਹੀਰੇ ਵੀ ਹੁਣ ਸਾਡੇ ਵਿਚ ਨਹੀਂ। ਸਮੇਂ ਅਨੁਸਾਰ ਉਹ ਆਪਣਾ ਜੀਵਨ ਸਫਲ ਕਰ, ਗੁਰੂ ਚਰਨਾ ਵਿਚ ਜਾ ਬਿਰਾਜੇ।

ਉਪ੍ਰੋਕਤ ਸਾਰੀ ਵਾਰਤਾ ਨੂੰ ਲਿਖਣ ਦਾ ਸਾਰ-ਅੰਸ਼ ਇਹੋ ਹੈ ਕਿ ਕੀਰਤਨ ਦੀ ਜਿਸ ਮਰਯਾਦਾ ਨੂੰ ਸਾਡੇ ਬਜ਼ੁਰਗ ਕੀਰਤਨੀਆਂ ਨੇ ਬੜੀ ਘਾਲਣਾ ਘਾਲ ਕੇ ਕਈ ਸੌ ਸਾਲ ਕਾਇਮ ਰੱਖਿਆ, ਉਸ ਨੂੰ ਆਧੁਨਿਕ ਕੀਰਤਨੀਆਂ ਨੇ ਕੇਵਲ ਪੰਜੀਹ-ਤ੍ਰੀਹ ਸਾਲਾਂ ਵਿਚ ਹੀ ਖੇਰੂੰ-ਖੇਰੂੰ ਕਰ ਛੱਡਿਆ। ਐਸਾ ਕਿਵੇਂ ਹੋਇਆ ਅਤੇ ਉਸ ਦੇ ਕੀ ਕਾਰਣ ਹਨ? ਉਸੇ ਸੰਬੰਧੀ ਇੱਥੇ ਖੁਲਾਸਾ ਕਰਨਾ ਹੈ:-

ਹੁਣ ਤੋਂ 70-80 ਸਾਲ ਪਹਿਲਾਂ ਕੀਰਤਨੀਆਂ ਲਈ ਇਕ ਮਰਯਾਦਾ (ਨਿਯਮ) ਸੀ ਕਿ ਜਦੋਂ ਤਕ ਕੀਰਤਨ ਕਰਨ ਵਾਲਾ (ਰਾਗੀ-ਰਬਾਬੀ) ਆਦਿ ਗ੍ਰੰਥ ਦੇ ਲਗ-ਭਗ ਸਾਰੇ ਰਾਗਾਂ ਵਿਚ ਸ਼ਬਦ-ਰੀਤਾਂ, ਪੜਤਾਲਾਂ ਆਦਿ ਨੂੰ ਗਾਇਨ ਕਰ ਸੰਗਤਾਂ ਵਿਚ ਆਪਣਾ ਪ੍ਰਭਾਵ ਨਹੀਂ ਸੀ ਪਾਉਂਦਾ, ਉਦੋਂ ਤਕ ਉਸ ਨੂੰ ਮੁੱਖ ਸਟੇਜ ਉਤੇ ਕੀਰਤਨ ਕਰਨ ਦੀ ਆਗਿਆ ਨਹੀਂ ਸੀ ਮਿਲਦੀ। ਇਸੇ ਲਈ ਹਰੇਕ ਵਿਦਿਆਰਥੀ ਪਹਿਲਾ ਸੱਤ-ਅੱਠ ਸਾਲ ਕਿਸੇ ਚੰਗੇ ਉਸਤਾਦ ਤੋਂ ਕੀਤਰਨ ਦੀ ਸਿੱਖਿਆ ਗ੍ਰਹਿਣ ਕਰਦਾ, ਉਸ ਤੋਂ ਬਾਦ ਦੋ ਤਿੰਨ ਸਾਲ ਕਿਸੇ ਰਾਗੀ ਨਾਲ ਬਤੌਰ ਸਾਥੀ ਕੀਰਤਨ ਕਰਨ ਦਾ ਅਭਿਆਸ ਕਰਦਾ, ਤਾਂ ਕਿਤੇ ਉਸ ਨੂੰ ਆਪਣਾ ਰਾਗੀ ਜੱਥਾ ਬਨਾਉਣ ਦਾ ਸਰਟੀਫਿਕੇਟ ਮਿਲਦਾ ਸੀ। ਪਰ ਮੌਜੂਦਾ ਸਮੇਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਸਭਾ-ਸੁਸਾਇਟੀਆਂ ਨੇ ਇਨ੍ਹਾਂ ਜ਼ਰੂਰੀ ਨਿਯਮਾਂ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ। ਸਗੋਂ ਚੰਗੇ ਸੂਝਵਾਨ ਰਾਗੀ ਜੱਥਿਆਂ ਦੀ ਥਾਂ ਉਨ੍ਹਾਂ ਕੱਚਘੜ ਤੇ ਅਯੋਗ ਰਾਗੀ ਜੱਥਿਆਂ ਨੂੰ ਵਧੇਰੇ ਤਰਜੀਹ ਦਿੱਤੀ ਜਿਹੜੇ ਘਟੋ-ਘੱਟ ਤਨਖ਼ਾਹ ਲੈ ਕੇ ਕੀਰਤਨ ਕਰਨ ਲਈ ਤਿਆਰ ਹੋ ਗਏ। ਉਸ ਦਾ ਹਸ਼ਰ ਇਹ ਹੋਇਆ ਕਿ ਜਿਨ੍ਹਾਂ ਨੂੰ ਅਜ-ਕਲ ਸਾਡੇ ਪ੍ਰਬੰਧਕ ਤੇ ਸਿੱਖ ਸੰਗਤਾਂ ਬੜਾ ਮਨੋਹਰ ਕੀਤਰਨ ਕਰਨ ਵਾਲੇ ਰਾਗੀ ਸਿੰਘ ਆਖਦੇ ਹਨ, ਉਨ੍ਹਾਂ ਨੂੰ ਨਾ ਗੁਰਬਾਣੀ ਦਾ ਬੋਧ ਹੈ ਅਤੇ ਨਾ ਹੀ ਰਾਗ-ਤਾਲ ਦੀ ਸੂਝ! ਜੇ

* ਪ੍ਰਿੰਸੀਪਲ, ਗੁਰਮਤਿ ਵਿਦਿਆਲਾ, ਗੁਰਦੁਆਰਾ ਰਕਾਬਗੰਜ, ਨਵੀਂ ਦਿੱਲੀ

ਉਨ੍ਹਾਂ ਨੂੰ ਗੁਰਬਾਣੀ ਦੀ ਸਮਝ-ਸੂਝ ਹੋਵੇ ਤਾਂ ਉਹ ਭਿੰਨ-ਭਿੰਨ ਭਾਵ ਰੱਖਣ ਵਾਲੇ ਸ਼ਬਦਾਂ ਨੂੰ ਕੇਵਲ ਚਾਰ ਮਾੜੇ "ਧਿਕ ਨਕ ਤਿਕ ਨਕ" ਕਹਿਰਵਾ ਤਾਲ ਵਿਚ ਕਾਮ-ਵਰਧਿਕ ਫਿਲਮੀ ਟਿਯੂਨਾਂ ਜਾਂ ਮਨ-ਘੜਤ ਤਰਜਾਂ ਤੇ ਪਵਿੱਤ੍ਰ ਗੁਰਬਾਣੀ ਗਾਇਨ ਨਾ ਕਰਨ।

ਗੁਰੂ ਸਾਹਿਬਾਨ ਨੇ ਜਿਨ੍ਹਾਂ ਰਾਗਾਂ ਵਿਚ ਬਾਣੀ ਉਚਾਰਣ ਕੀਤੀ ਹੈ ਉਹ ਲਗ-ਭਗ ਉਡਵ-ਸੰਪੂਰਣ ਜਾਂ ਵੱਕ੍ਰ-ਸੰਪੂਰਣ ਜਾਤੀ ਦੇ ਰਾਗ ਹਨ। ਜਿਨ੍ਹਾਂ ਵਿੱਚ ਗੰਭੀਰ, ਸ਼ਾਂਤ, ਕਰੁਣਾ, ਖ਼ੁਸ਼ੀ ਖੇੜਾ, ਵਿਛੋੜੇ ਦੀ ਕਸਕ, ਸੀਤਲਤਾ ਅਤੇ ਬੀਰ-ਰਸ ਆਦਿ ਦਾ ਪ੍ਰਭਾਵ ਹੈ। ਉਸੇ ਤਰ੍ਹਾਂ ਭਿੰਨ-ਭਿੰਨ ਤਾਲਾਂ ਅਤੇ ਉਨ੍ਹਾਂ ਦੀਆਂ ਲਯਾਂ ਦਾ ਭੀ ਆਪਣਾ ਪ੍ਰਭਾਵ ਹੁੰਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ 31 ਰਾਗ ਅਤੇ ਉਨ੍ਹਾਂ ਦੇ ਪ੍ਰਕਾਰਾਂ ਦੇ ਨਾਲ 17 ਘਰਾਂ (ਭਿੰਨ-ਭਿੰਨ ਤਾਲਾਂ) ਵਿਚ ਬਾਣੀ ਉਚਾਰਣ ਕਰ ਕੇ ਅਸਾਂ ਨੂੰ ਸੁਚੇਤ ਕੀਤਾ ਹੈ, ਕਿ ਇਸ ਬ੍ਰਹਮ ਰੂਪ ਬਾਣੀ ਨੂੰ ਕੇਵਲ ਭਜਨ-ਗੀਤ ਸਮਝ ਕੇ ਗਾਇਨ ਨਹੀਂ ਕਰਨਾ। ਇਹ ਤਾਂ "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ" ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥" ਪਰ ਅਸੀਂ ਮਾਇਆ ਦੇ ਪ੍ਰਭਾਵ ਨਾਲ ਗੁਰ ਉਪਦੇਸ਼ ਨੂੰ ਭੁੱਲ ਕੇ ਕੁਰਾਹੇ ਪਏ ਹੋਏ ਹਾਂ, ਅਸਾਂ ਨੂੰ ਆਪਣਾ ਵਿਰਸਾ ਮੁੜ ਸੰਭਾਲਣਾ ਹੋਵੇਗਾ। ਅੱਜ-ਕਲ੍ਹ ਗੁਰਦੁਆਰਿਆਂ ਅੰਦਰ ਜਿਸ ਰੂਪ ਵਿਚ ਕੀਰਤਨ ਹੋ ਰਿਹਾ ਹੈ ਜਾਂ ਪਰਪਾਟੀ ਚਲ ਰਹੀ ਹੈ। ਉਸੇ ਨੂੰ ਵੇਖ-ਸੁਣ ਕੇ ਇਕ ਮੁਸਲਮਾਨ ਕਲਾਕਾਰ ਦੇ ਕੀ ਵਿਚਾਰ ਹਨ ਜ਼ਰਾ ਉਨ੍ਹਾਂ ਨੂੰ ਧਿਆਨ ਨਾਲ ਪੜ੍ਹੋ:-

ਹਿੰਦੁਸਤਾਨ ਦਾ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਿਲਾਯਤ ਖਾਂ, ਜੋ ਕਾਫੀ ਸਮੇਂ ਤੋਂ ਦੇਹਰਾਦੂਨ ਰਹਿੰਦਾ ਹੈ। ਭਾਈ ਕੁਵਰਪਾਲ ਸਿੰਘ ਜੀ (ਦੇਹਰਦੂਨ ਵਾਲੇ) ਆਪਣੇ ਰਾਗੀ ਜੱਥੇ ਸਹਿਤ ਲਗ-ਭਗ ਚਾਰ ਸਾਲ ਹੋਏ ਖਾਂ ਸਾਹਿਬ ਨੂੰ ਮਿਲਣ ਗਏ, ਉਸ ਨੇ ਇਨ੍ਹਾਂ ਨੂੰ ਬੜੇ ਆਦਰ ਨਾਲ ਬਿਠਾਇਆ ਤੇ ਕਿਹਾ ਕਿ ਆਪ ਗੁਰੂ ਨਾਨਕ ਜੀ ਕਾ ਕਲਾਮ ਸੁਨਾਓ। ਇਨ੍ਹਾਂ ਇਕ ਸ਼ਬਦ ਰਾਗ ਤਿਲੰਗ ਵਿਚ ਅਤੇ ਇਕ ਕਾਨੜਾ ਰਾਗ ਦੀ ਪੜਤਾਲ ਸੁਣਾਈ। ਉਹ ਸੁਣ ਕੇ ਬਹੁਤ ਖੁਸ਼ ਹੋਇਆ। ਫਿਰ ਥੋੜੀ ਦੇਰ ਬਾਦ ਉਸ ਨੇ ਕਿਹਾ- "ਅਰੇ ਭਾਈ ਸਾਹਿਬ ! ਗੁਰੂ ਜੀ ਨੇ ਤੋਂ ਸਾਰੀ ਬਾਣੀ ਰਾਗੋਂ ਮੇਂ ਉਚਾਰਣ ਕੀ ਹੈ। ਪਰ ਮੈਂ ਜਬ ਕਭੀ ਗੁਰੂ ਦਰਬਾਰ ਸੇ ਗੁਜ਼ਰਤਾ ਹੂੰ ਤੋ ਰਾਗੀ ਲੋਗ ਅਕਸਰ ਗੰਦੀ ਫਿਲਮੀ ਟਿਯੂਨੇ ਪਰ ਗਾਇਨ ਕਰ ਰਹੇ ਹੋਤੇ ਹੈਂ। ਗੁਰੂ ਨਾਨਕ ਕੇ ਪਵਿੱਤਰ ਕਲਾਮ ਕੋ ਜਬ ਐਸੀ ਬੇਹੂਦਾ ਟਿਯੂਨੋਂ ਪਰ ਸੁਨਤਾ ਹੂੰ ਤੋ ਰੋਨਾ ਆਤਾ ਹੈ। ਐਸਾ ਕਰਤੇ ਉਨਕੋ ਸ਼ਰਮ ਨਹੀ ਆਤੀ, ਉਨਕੋ ਰੋਕਨਾ ਚਾਹੀਏ। ਇਸ ਕਿਸਮ ਕਾ ਗਾਨਾ ਯਹ ਕਹਾਂ ਸੇ ਸੀਖਤੇ ਹੈਂ, ਕੋਈ ਇਨਕੋ ਸਮਝਾਨੇ ਵਾਲਾ ਨਹੀਂ, ਯਹ ਤੋ ਬੜਾ ਪਾਪ ਔਰ ਅਨਰਥ ਕਰ ਰਹੇ ਹੈਂ।" ਇਕ ਮੁਸਲਮਾਨ ਗਾਇਕ-ਵਾਦਕ ਤਾਂ ਮਹਿਸੂਸ ਕਰ ਰਿਹਾ ਹੈ, ਪਰ ਗੁਰੂ ਕੀਆਂ ਸਿੱਖ ਸੰਗਤਾਂ ਤੇ ਪ੍ਰਬੰਧਕ ਕੇਵਲ ਕੰਨ-ਰਸ ਵਿਚ ਗਲਤਾਨ ਅਤੇ ਮੋਹ ਮਾਇਆ ਦੀ ਨੀਂਦਰ ਵਿਚ ਅਜੇ ਵੀ ਘੂਕ ਸੁੱਤੇ ਹਨ। ਬਸ ਹੁਣ ਤਾਂ ਇਹੋ ਕਹਿਣਾ ਬਣਦਾ ਹੈ :-

ਕਬੀਰ, ਜਿਨਹੁ ਕਿਛੂ ਜਾਨਿਆ ਨਹੀ, ਤਿਨ ਸੁਖ ਨੀਦ ਬਿਹਾਇ॥
ਹਮਹੁ ਜੁ ਬੂਝਾ ਬੂਝਨਾ, ਪੂਰੀ ਪਰੀ ਬਲਾਇ॥ ੧੭੧॥

# ਕੀਰਤਨੀਆਂ ਦੀ ਡਾਇਰੈਕਟਰੀ

ਅੱਜ ਜਿਉਂ ਜਿਉਂ ਗਿਆਨ-ਵਿਗਿਆਨ ਦਾ ਪਸਾਰ ਹੋ ਰਿਹਾ ਹੈ, ਮਨੁੱਖ ਦੀ ਇਕ ਦੂਜੇ ਨੂੰ ਜਾਣਨ ਦੀ ਤੇ ਸਮਝਣ ਦੀ ਰੀਝ ਵਧਦੀ ਜਾ ਰਹੀ ਹੈ। ਦੇਸ਼ ਦਾ ਅਤੇ ਸੰਸਾਰ ਦਾ ਉਹ ਕਿਹੜਾ ਕੋਨਾ ਹੈ ਜਿੱਥੇ ਪੰਜਾਬੀਆਂ ਵਿਸ਼ੇਸ਼ ਕਰ ਸਿੱਖਾਂ ਨੇ ਆਪਣਾ ਘਰ ਨਹੀਂ ਬਣਾਇਆ। ਅਜੋਕੇ ਯੁੱਗ ਵਿੱਚ ਹਰ ਇਕ ਧਰਮ ਆਪੋ-ਆਪਣੇ ਯਤਨਾਂ ਸਦਕਾ ਪ੍ਰਚਾਰ ਕਰ ਰਿਹਾ ਹੈ। ਸਿੱਖ ਧਰਮ ਆਪਣੇ ਆਪ ਵਿੱਚ ਦੁਨੀਆਂ ਤੇ ਇਕ ਵਿਲੱਖਣ ਧਰਮ ਹੋਣ ਸਦਕਾ ਇਸ ਦੇ ਪ੍ਰਚਾਰਕਾਂ ਦੀ ਵੀ ਖਾਸ ਅਹਿਮੀਅਤ ਹੈ। ਇਸ ਪ੍ਰਚਾਰ ਦੇ ਕੰਮ ਵਿੱਚ ਸਭ ਤੋਂ ਵੱਡਾ ਯੋਗਦਾਨ 'ਗੁਰੂ ਸ਼ਬਦ ਦੇ ਪ੍ਰਚਾਰਕਾਂ' ਦਾ ਹੈ। ਗੁਰੂ ਬਖਸ਼ੀ ਜੁਗਤਿ ਅਨੁਸਾਰ ਗੁਰੂ ਜਸ ਕਰਨਹਾਰੇ ਗੁਣੀ ਜਨ ਅੱਜ ਦੇ ਵਿਗਿਆਨ ਯੁੱਗ ਵਿੱਚ ਸੰਚਾਰ ਮਾਧਿਅਮ ਦੇ ਅਨੇਕਾਂ ਸਾਧਨਾਂ ਨੂੰ ਵਰਤ ਕੇ ਗੁਰਮਤਿ ਕੀਤਰਨ ਦੀਆਂ ਵਿਸਮਾਦੀ ਧੁਨਾਂ ਦਾ ਪ੍ਰਚਾਰ ਕਰ ਰਹੇ ਹਨ।

ਰਾਗੀ ਸਿੰਘ, ਕਥਾਵਾਚਕ, ਕਵੀਸ਼ਰ, ਢਾਡੀ ਸਿੰਘ ਅਤੇ ਗ੍ਰੰਥੀ ਸਾਹਿਬਾਨ ਗੁਰੂ ਦੀ ਸੇਵਾ ਕਰ ਕੇ ਆਪ ਗੁਰੂ ਸ਼ਬਦ ਨਾਲ ਜੁੜਦੇ ਹਨ ਅਤੇ ਦੂਸਰਿਆਂ ਨੂੰ ਜੋੜਦੇ ਹਨ। ਐਸੇ ਸਤਿਕਾਰ ਯੋਗ ਗੁਰੂ ਸ਼ਬਦ ਦੇ ਪ੍ਰਚਾਰਕਾਂ ਦੀ ਇਕ ਅਜਿਹੀ ਡਾਇਰੈਕਟਰੀ ਦੀ ਲੋੜ ਬਹੁਤ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ।

ਸੰਪਰਕ (ਡਿਜ਼ਾਇਨ ਕਰਾਫਟ) ਨਾਲ ਸੰਬੰਧਤ ਸ. ਰਣਜੀਤ ਸਿੰਘ ਅਤੇ ਸ. ਹਰਪ੍ਰੀਤ ਸਿੰਘ ਦੀ ਅਣਥੱਕ ਮਿਹਨਤ ਸਦਕਾ ਇਹ ਡਾਇਰੈਕਟਰੀ ਛੱਪ ਕੇ ਤਿਆਰ ਹੋ ਗਈ ਹੈ। ਇਹ ਇਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ। ਜਿਹੜੇ ਰਾਗੀ/ਗ੍ਰੰਥੀ/ਪ੍ਰਚਾਰਕ ਆਪਣਾ ਵੇਰਵਾ ਛਪਾਉਣਾ ਚਾਹੁੰਦੇ ਹਨ। ਜਾਂ ਡਾਇਰੈਕਟਰੀ ਖਰੀਦਣਾ ਚਾਹੁੰਦੇ ਹਨ ਉਹ ਹੇਠ ਲਿਖੇ ਪਤੇ ਤੇ ਸੰਪਰਕ ਕਰ ਸਕਦੇ ਹਨ।

ਡਿਜ਼ਾਇਨ ਕਰਾਫਟ
ਸੰਪਰਕ
137, ਦਸ਼ਮੇਸ਼ ਨਗਰ,
ਗਲੀ ਨੰ: 2, ਗਿੱਲ ਚੌਕ,
ਲੁਧਿਆਣਾ।
ਫੋਨ : 0161-533098
540363

# ਤਬਲਾ

## ਹਰਭਜਨ ਸਿੰਘ ਧਾਰੀਵਾਲ*

ਐਮ. ਏ. (ਸੰਗੀਤ) ਬੀ. ਐੱਡ.

ਹਿੰਦੋਸਤਾਨੀ ਸ਼ਾਸਤ੍ਰੀ ਸੰਗੀਤ ਵਿੱਚ ਪ੍ਰਾਚੀਨ ਕਾਲ ਵਿੱਚ ਮ੍ਰਿਦੰਗ ਦਾ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਆਧੁਨਿਕ ਸਮੇਂ ਵਿੱਚ ਤਬਲੇ ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਂਝ ਤਾਂ ਮ੍ਰਿਦੰਗ ਜਾਂ ਪਖਾਵਜ ਦਾ ਪ੍ਰਯੋਗ ਅੱਜ ਵੀ ਕੀਤਾ ਜਾਂਦਾ ਹੈ ਪ੍ਰੰਤੂ ਤਬਲੇ ਦੀ ਤੁਲਨਾ ਵਿੱਚ ਬਹੁਤ ਘੱਟ। ਪੁਰਾਤਨ ਕਾਲ ਵਿੱਚ ਪ੍ਰਬੰਧ, ਧਰੁਵਪਦ, ਧਮਾਰ ਆਦਿ ਗਾਇਨ ਸ਼ੈਲੀਆਂ ਦਾ ਜ਼ਿਆਦਾ ਪ੍ਰਚਾਰ ਹੋਣ ਕਾਰਨ ਉਸ ਦੀ ਗੰਭੀਰ ਪ੍ਰਕ੍ਰਿਤੀ ਦੇ ਅਨੁਕੂਲ ਤਾਲ ਵਾਦਯ ਮ੍ਰਿਦੰਗ ਦਾ ਪ੍ਰਯੋਗ ਕੀਤਾ ਜਾਂਦਾ ਸੀ। ਪ੍ਰੰਤੂ ਅੱਜਕਲ ਇਨ੍ਹਾਂ ਸ਼ੈਲੀਆਂ ਦਾ ਪ੍ਰਚਾਰ ਬਹੁਤ ਘੱਟ ਹੋ ਜਾਣ ਕਾਰਣ ਪਖਾਵਜ ਜਾਂ ਮ੍ਰਿਦੰਗ ਦਾ ਵੀ ਪ੍ਰਯੋਗ ਘੱਟ ਹੋ ਗਿਆ ਹੈ। ਪਹਿਲਾਂ ਵੀਣਾਂ ਦੀ ਸੰਗਤਿ ਮ੍ਰਿਦੰਗ ਰਾਹੀਂ ਕੀਤੀ ਜਾਂਦੀ ਸੀ, ਪ੍ਰੰਤੂ ਅੱਜਕਲ ਜ਼ਿਆਦਾ ਪ੍ਰਚਲਿਤ ਖਿਆਲ ਤੇ ਠੁਮਰੀ ਆਦਿ ਗਾਇਨ ਪ੍ਰਕਾਰਾਂ ਅਤੇ ਸਭ ਤੋਂ ਵੱਧ ਲੋਕ ਪ੍ਰਿਯ ਸਾਜ਼ ਸਿਤਾਰ ਦੀ ਸੰਗਤ ਤਬਲਾ ਸਾਜ ਦੁਆਰਾ ਹੀ ਕੀਤੀ ਜਾਂਦੀ ਹੈ।

ਉਤਰ ਭਾਰਤੀ ਤਾਲ ਸਾਜ਼ਾਂ ਵਿੱਚ ਤਬਲਾ ਸਭ ਤੋਂ ਮਹੱਤਵਪੂਰਨ ਸਾਜ਼ ਮੰਨਿਆ ਗਿਆ ਹੈ। ਪੁਰਾਤਨ ਕਾਲ ਵਿੱਚ ਜੋ ਸਥਾਨ ਮ੍ਰਿਦੰਗ/ਪਖਾਵਜ ਨੂੰ ਦਿੱਤਾ ਜਾਂਦਾ ਸੀ ਠੀਕ ਉਹੋ ਹੀ ਸਥਾਨ ਅੱਜੋਕੇ ਯੁੱਗ ਵਿੱਚ ਤਬਲੇ ਨੂੰ ਪ੍ਰਾਪਤ ਹੈ। ਅੱਜ ਤਬਲਾ ਸਾਜ਼ ਸਾਰੇ ਪ੍ਰਕਾਰ ਦੇ ਸੰਗੀਤ ਤੇ ਛਾਇਆ ਹੋਇਆ ਹੈ। ਤਬਲੇ ਦੇ ਬਰਾਬਰ ਕਿਸੇ ਵੀ ਹੋਰ ਤਾਲ ਸਾਜ਼ ਨੂੰ ਇਨਾਂ ਮਹੱਤਵ ਨਹੀਂ ਦਿੱਤਾ ਜਾਂਦਾ। ਇੱਥੋਂ ਤੱਕ ਕਿ ਆਪਣੇ ਸਮੇਂ ਦਾ ਸਭ ਤੋਂ ਜ਼ਿਆਦਾ ਅਤੇ ਮਹੱਤਵਪੂਰਨ ਸਾਜ਼ ਪਖਾਵਜ ਵੀ ਤਬਲੇ ਦੇ ਸਾਹਮਣੇ ਟਿਕ ਨਹੀਂ ਰਿਹਾ ਹਾਲਾਂਕਿ ਇਸਦਾ ਪ੍ਰਯੋਗ ਅੱਜ ਵੀ ਕੀਤਾ ਜਾਂਦਾ ਹੈ। ਤਬਲੇ ਉੱਤੇ ਅਲਗ-ਅਲਗ ਬੋਲਾਂ ਦਾ ਨਿਕਾਸ ਕੀਤਾ ਜਾਂਦਾ ਹੈ। ਬੋਲਾਂ ਦੀ ਵਿਭਿੰਨਤਾ ਦਾ ਕਾਰਨ ਤਬਲੇ ਦੀ ਸਿਆਹੀ, ਚਾਂਟੀ ਤੇ ਮੈਦਾਨ ਆਦਿ ਹਨ। ਕਿਉਂਕਿ ਇਹ ਲੈਅ ਅਤੇ ਤਾਲ ਨੂੰ ਦਿਖਾਉਣ ਵਾਲਾ ਇਕ ਤਾਲ ਸਾਜ਼ ਹੈ ਜਿਸਦਾ ਉਦੇਸ਼ ਸੰਗਤਿ ਕਰਕੇ ਲੈਅ ਨੂੰ ਬੰਨ੍ਹ ਕੇ ਰੱਖਣਾ ਹੈ ਇੱਥੇ ਹੀ ਬੱਸ ਨਹੀਂ ਤਬਲਾ ਸਾਜ਼ ਆਪਣੇ ਸੋਲੋ ਵਾਦਨ ਕਰਕੇ ਵੀ ਮਹੱਤਵਪੂਰਨ ਹੋ ਗਿਆ ਹੈ। ਸੋਲੋ ਤਬਲਾ ਵਾਦਨ ਵਿੱਚ ਕਲਾਕਾਰ ਵੱਲੋਂ ਪ੍ਰਭਾਵਸ਼ਾਲੀ, ਉਠਾਨ, ਪੇਸ਼ਕਾਰ, ਕਾਇਦੇ, ਰੇਲੇ, ਮੁਖੜੇ, ਟੁਕੜੇ, ਪਰਨਾਂ, ਚਕਰਦਾਰ ਪਰਨਾਂ, ਫਰਮਾਇਸ਼ੀ ਚਕਰਦਾਰ ਪਰਨਾਂ, ਛੰਦ ਦੇ ਫਰਦਾਂ ਆਦਿ ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਂਦੀ ਹੈ। ਇਸ ਸੋਲੋਵਾਦਨ ਦਾ ਆਧਾਰ ਨਗਮਾਂ ਹੁੰਦਾ ਹੈ ਜੋ ਤਾਲ ਦੇ ਅਨੁਕੂਲ ਕਿਸੇ ਰਾਗ ਤੇ ਆਧਾਰਿਤ ਬੰਦਿਸ਼ ਹੁੰਦੀ ਹੈ ਤੇ ਇਹ ਨਗਮਾਂ ਕਿਸੇ ਤੰਤੀ ਸਾਜ ਸਾਰੰਗੀ ਜਾਂ ਹਰਮੋਨੀਅਮ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ।

**ਬਨਾਵਟ :-** ਬਨਾਵਟ ਦੇ ਆਧਾਰ ਤੇ ਤਬਲੇ ਦੇ ਦੋ ਭਾਗ ਹੁੰਦੇ ਹਨ, ਤਬਲੇ ਦੇ ਸੱਜੇ ਭਾਗ ਨੂੰ ਸੱਜਾ ਤਬਲਾ, ਚੱਠੂ ਜਾਂ ਮਦੀਨ ਕਿਹਾ ਜਾਂਦਾ ਹੈ ਅਤੇ ਖੱਬੇ ਭਾਗ ਨੂੰ ਡੁੱਗੀ ਜਾਂ ਡੱਗਾ ਕਿਹਾ ਜਾਂਦਾ ਹੈ। ਦੋਹਾਂ ਨੂੰ ਮਿਲਾ ਕੇ ਤਬਲਾ ਜੋੜੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਨੂੰ ਦਾਇਆਂ-ਬਾਇਆਂ ਵੀ ਕਿਹਾ ਜਾਂਦਾ ਹੈ।

**ਸੱਜਾ ਜਾਂ ਦਾਇਆਂ ਤਬਲਾ :-** ਇਸ ਦੇ ਅੰਗ ਹੇਠ ਲਿਖੇ ਹੁੰਦੇ ਹਨ:-

1. ਚੱਠੂ : ਇਹ ਲੱਕੜੀ ਦਾ ਬਣਿਆ ਹੁੰਦਾ ਹੈ। ਜਿਸ ਦੀ ਲੰਬਾਈ ਆਮਤੌਰ ਤੇ 10 ਤੋਂ 12 ਇੰਚ ਤੱਕ ਹੁੰਦੀ ਹੈ। ਵਿਜੇ ਸਾਰ, ਟਾਹਲੀ, ਖੈਰ, ਨਿੰਮ ਅਤੇ ਸਾਗਵਾਨ ਆਦਿ ਦੀ ਲੱਕੜੀ ਦਾ ਬਣਿਆ ਤਬਲਾ ਉੱਤਮ ਮੰਨਿਆ ਗਿਆ ਹੈ। ਇਹ ਅੰਬ ਦੀ ਲੱਕੜੀ ਦਾ ਵੀ ਬਣਾਇਆ ਜਾਂਦਾ ਹੈ ਪਰ ਇਹ ਚੰਗੀ ਨਹੀਂ ਮੰਨੀ ਗਈ। ਚੱਠੂ ਦਾ ਉੱਪਰਲਾ ਭਾਗ ਖੁੱਲਾ ਰਹਿੰਦਾ ਹੈ ਜਿਸ ਦਾ ਵਿਆਸ ਪੌਣੇ ਪੰਜ ਇੰਚ ਤੋਂ ਸੱਤ ਇੰਚ ਤੱਕ ਹੁੰਦਾ ਹੈ। ਇਸ ਦਾ ਵਿਆਸ ਉਪਰੋਂ ਘੱਟ ਅਤੇ ਥੱਲੋਂ ਜ਼ਿਆਦਾ ਹੁੰਦਾ ਜਾਂਦਾ ਹੈ। ਇਹ ਅੰਦਰ ਤੋਂ ਖੋਖਲਾ ਹੁੰਦਾ ਹੈ ਅਤੇ ਇਸਦੀ ਮੋਟਾਈ ਅੱਧੇ ਪੌਣੇ ਇੰਚ ਤੱਕ ਮੋਟੀ ਹੁੰਦੀ ਹੈ। ਚੱਠੂ ਦੇ ਉਪਰਲੇ ਭਾਗ ਵਿੱਚ ਖਰਾਦ ਦਾ ਕੰਮ ਹੁੰਦਾ ਹੈ ਜੋ ਉਸ ਦੀ ਸੁੰਦਰਤਾ ਦੇ ਨਾਲ ਨਾਲ ਗੱਟਿਆਂ ਦੀ ਰੋਕ ਦਾ ਕੰਮ ਵੀ ਕਰਦਾ ਹੈ।

2. ਪੁੜਾ ਜਾਂ ਪੁੜੀ:- ਚੱਠੂ ਦੇ ਉਪਰਲੇ ਖੁੱਲੇ ਭਾਗ ਤੇ ਮੜ੍ਹੀ ਵਿਸ਼ੇਸ਼ਤਾ ਨਾਲ ਸੋਧੀ ਅਤੇ ਗੋਲ ਕੱਟੀ ਹੋਈ ਪਤਲੀ, ਲਚਕੀਲੀ ਪ੍ਰੰਤੂ ਮਜ਼ਬੂਤ ਬਕਰੇ ਦੀ ਖੱਲ੍ਹ, ਪੁੜਾ ਜਾਂ ਪੁੜੀ ਕਹਾਉਂਦੀ ਹੈ। ਇਸ ਪੁੜੀ ਵਿੱਚ ਚਮੜੇ ਦੀਆਂ ਤਿੰਨ ਪਰਤਾਂ ਹੁੰਦੀਆਂ ਹਨ। ਪਹਿਲੀ ਪਰਤ ਦਾ ਚਮੜਾ ਕੜਾ ਅਤੇ ਬਾਕੀ ਦੋ ਪਰਤਾਂ ਦਾ ਚਮੜਾ ਕਮਾਇਆ ਹੋਇਆ ਮੁਲਾਇਮ ਹੁੰਦਾ ਹੈ। ਇਹ ਤਿੰਨੇ ਪਰਤਾਂ ਇਕੋ ਵਾਰ ਕਿਨਾਰੇ ਉਤੇ ਗਜਰੇ ਨਾਲ ਬੱਝੀਆਂ ਰਹਿੰਦੀਆਂ ਹਨ। ਚਮੜੇ ਦੀਆਂ ਤਿੰਨਾਂ ਪਰਤਾਂ ਵਿੱਚ ਥੱਲੇ ਵਾਲੀ ਅਤੇ ਉੱਪਰ ਵਾਲੀ ਪਰਤ ਦਾ ਚਮੜਾ ਵਿੱਚੋਂ ਕੱਟ ਕੇ ਕੱਢ ਲਿਆ ਜਾਂਦਾ ਹੈ। ਇਹ ਦੋਨੋਂ ਪਰਤਾਂ ਕਿਨਾਰੇ ਤੇ ਇੱਕ ਇੰਚ ਤੋਂ ਸਵਾ ਇੰਚ ਚੌੜਾਈ ਦੀਆਂ ਰਹਿ ਜਾਂਦੀਆਂ ਹਨ। ਥੱਲੇ ਵਾਲੇ ਕਿਨਾਰੇ ਦਾ ਚਮੜਾ ਮੁੱਖ ਚਮੜੇ ਨੂੰ ਤਬਲੇ ਦੀ ਲੱਕੜੀ ਦੇ ਸਿਰਿਆਂ ਦੇ ਕੋਨਿਆਂ ਤੋਂ ਕੱਟਣ ਤੋਂ ਬਚਾਉਂਦਾ ਹੈ। ਇਸ ਪ੍ਰਕਾਰ

# 1447/10, ਸੈਕਟਰ-65, ਐਸ.ਏ. ਐਸ. ਨਗਰ, ਚੰਡੀਗੜ੍ਹ।

ਥੱਲੇ ਵਾਲਾ ਕਿਨਾਰਾ ਵਿਚਕਾਰ ਵਾਲੀ ਪਰਤ ਦੀ ਰੱਖਿਆ ਕਰਦਾ ਹੈ। ਵਿਚਕਾਰ ਵਾਲੀ ਪਰਤ ਖੁਲ੍ਹੇ ਮੂੰਹ ਨੂੰ ਢਕਦੀ ਹੈ ਅਤੇ ਉੱਪਰ ਵਾਲਾ ਕਿਨਾਰਾ (ਚਾਂਟੀ) ਬੋਲ ਕੱਢਣ ਦੇ ਕੰਮ ਆਉਂਦਾ ਹੈ।

3. ਗਜਰਾ: ਪੁੜੇ ਦੇ ਚਾਰੇ ਪਾਸਿਆਂ ਤੇ ਜਿਹੜੀ ਚਮੜੇ ਦੀ ਗੁੰਬਲ (ਗੋਂਦ) ਲੱਗੀ ਰਹਿੰਦੀ ਹੈ ਉਸਨੂੰ ਹੀ ਗਜਰਾ ਜਾਂ 'ਸ਼ਿੰਗਾਰ' ਵੀ ਕਹਿੰਦੇ ਹਨ। ਇਹ ਪੁੜੇ ਨੂੰ ਲੱਕੜੀ ਦੇ ਕਿਨਾਰੇ ਤਕ ਦਬਾਈ ਰੱਖਦਾ ਹੈ।

6. **ਸਿਆਹੀ :-** ਤਬਲੇ ਦੇ ਮੂੰਹ ਤੇ ਪੁੜੇ ਦੇ ਵਿਚਕਾਰ ਲੱਗੇ ਗੋਲ ਆਕਾਰ ਦੇ ਮਸਾਲੇ ਨੂੰ ਸਿਆਹੀ ਕਹਿੰਦੇ ਹਨ। ਇਸ ਮਸਾਲੇ ਨੂੰ ਲੋਹ ਚੂਰਨ, ਕੋਇਲਾ ਅਤੇ ਪੱਕੇ ਹੋਏ ਚਾਵਲ ਆਦਿ ਦੇ ਮਿਸ਼ਰਣ ਨਾਲ ਤਿਆਰ ਕੀਤਾ ਜਾਂਦਾ ਹੈ। ਕੁੱਝ ਤਬਲੇ ਦੇ ਕਾਰੀਗਰ ਸਿਆਹੀ ਨੂੰ ਚਮਕੀਲੀ ਬਣਾਉਣ ਲਈ ਨੀਲੇ ਥੋਥੇ ਦਾ ਪ੍ਰਯੋਗ ਕਰਦੇ ਹਨ। ਸਭ ਤੋਂ ਪਹਿਲਾਂ ਪੁੜੇ ਦੇ ਵਿਚਕਾਰਲੇ ਭਾਗ ਵਿੱਚ ਢਾਈ ਤੋਂ ਤਿੰਨ ਇੰਚ ਤੱਕ ਦੀ ਮਸਾਲੇ ਦੀ ਇੱਕ ਪਤਲੀ ਪਰਤ ਲਗਾਈ ਜਾਂਦੀ ਹੈ। ਇਸ ਪਰਤ ਦੇ ਸੁੱਕਣ ਤੋਂ ਬਾਅਦ ਦੂਸਰੀ ਪਰਤ ਲਗਾਈ ਜਾਂਦੀ ਹੈ। ਜਿਹੜੀ ਪਹਿਲੀ ਪਰਤ




4. ਘਰ :-ਤਬਲੇ ਦੇ ਗਜਰੇ ਵਿੱਚ 16 ਛੇਕ ਹੁੰਦੇ ਹਨ। ਜਿਨ੍ਹਾਂ ਵਿੱਚੋਂ 2-2 ਘਰਾਂ ਦੇ ਵਿਚਲੇ ਸਥਾਨ ਨੂੰ ਘਰ ਕਿਹਾ ਜਾਂਦਾ ਹੈ। ਇਨ੍ਹਾਂ ਦੇ ਵਿੱਚੋਂ ਦੀ ਹੀ ਚਮੜੇ ਦੀ ਰੱਸੀ ਪਰੋਈ ਜਾਂਦੀ ਹੈ ਜਿਸਨੂੰ ਦੁਆਲ ਜਾਂ ਬੱਧੀ ਕਹਿੰਦੇ ਹਨ ਜੋ ਪੁੜੇ ਨੂੰ ਉੱਪਰੋਂ ਕਸ ਕੇ ਰੱਖਦੀ ਹੈ।

5. **ਚਾਂਟੀ:-** ਗਜਰੇ ਦੇ ਨਾਲ-ਨਾਲ ਪੁੜੇ ਦੇ ਕਿਨਾਰੇ ਤੇ ਲੱਗੀ ਪੱਟੀ 'ਚਾਂਟੀ' ਜਾਂ ਕਿਨਾਰਾ ਕਹਾਉਂਦਾ ਹੈ। ਇਸ ਤੇ ਨਾ, ਤਾ, ਧਾ, ਤੇ, ਤੱਕ ਆਦਿ ਬੋਲ ਵਜਾਏ ਜਾਂਦੇ ਹਨ।

ਨਾਲੋਂ ਵਿਆਸ ਵਿੱਚ ਕੁੱਝ ਘੱਟ ਹੁੰਦੀ ਹੈ। ਇਸ ਨੂੰ ਫਿਰ ਇਕ ਵਿਸ਼ੇਸ਼ ਪ੍ਰਕਾਰ ਦੇ ਮੁਲਾਇਮ ਪੱਥਰ ਨਾਲ ਰਗੜਿਆ ਜਾਂਦਾ ਹੈ। ਇਸ ਤਰ੍ਹਾਂ ਹੀ ਪੰਜ ਜਾਂ ਸੱਤ ਪਰਤਾਂ ਲਗਾਈਆਂ ਜਾਂਦੀਆਂ ਹਨ। ਸਭ ਤੋਂ ਉਪਰਲੀ ਅਰਥਾਤ ਅੰਤਿਮ ਪਰਤ ਦਾ ਵਿਆਸ ਲੱਗਭਗ ਇੱਕ ਇੰਚ ਰਹਿ ਜਾਂਦਾ ਹੈ। ਇਸ ਤਰ੍ਹਾਂ ਇਸ ਨਾਲ ਗੋਲ ਗੋਲ ਲਕੀਰਾਂ ਬਣ ਜਾਂਦੀਆਂ ਹਨ ਜੋ ਪੁੜੇ ਦੀ ਆਵਾਜ਼ ਨੂੰ ਸੁਰੀਲਾ ਬਣਾਉਂਦੀਆਂ ਹਨ। ਸਿਆਹੀ ਦੇ ਕਾਰਣ ਹੀ ਤਬਲੇ ਦੇ ਬੋਲਾਂ ਦੀ ਆਵਾਜ਼ ਸਪਸ਼ਟ ਸੁਣਾਈ ਦਿੰਦੀ ਹੈ ਅਤੇ ਇਸ ਵਿਚੋਂ ਗੂੰਜ ਪੈਦਾ ਹੁੰਦੀ ਹੈ। ਮੋਟੀ ਸਿਆਹੀ ਵਾਲੇ ਪੁੜੇ ਨੀਚੇ ਸਵਰ ਤੇ ਬੋਲਦੇ ਹਨ ਤੇ ਪਤਲੀ ਸਿਆਹੀ ਵਾਲੇ ਪੁੜੇ ਉੱਚੇ ਸਵਰ ਤੇ

ਬੋਲਦੇ ਹਨ। ਸਿਆਹੀ ਤੇ ਤਿਟ, ਤਿਰਕਟ, ਧਿਰਧਿਰ, ਤਕ, ਧੇਤ ਆਦਿ ਬੋਲ ਵਜਾਏ ਜਾਂਦੇ ਹਨ।

7. ਮੈਦਾਨ ਜਾਂ ਲਵ :- ਸਿਆਹੀ ਦੇ ਅਤੇ ਚਾਂਟੀ ਦੇ ਵਿਚਕਾਰਲੇ ਭਾਗ ਨੂੰ ਮੈਦਾਨ ਜਾਂ ਲਵ ਕਹਿੰਦੇ ਹਨ। ਇਸ ਭਾਗ ਵਿੱਚੋਂ ਗੂੰਜਦਾਰ ਬੋਲ ਤਿੰਨ, ਧਿੰਨ ਜਾਂ ਤੂੰ, ਕੜਾਨ ਬੋਲ ਆਦਿ ਕੱਢੇ ਜਾਂਦੇ ਹਨ। ਇਹ ਭਾਗ ਟੁਕੜਿਆਂ, ਪਰਨਾਂ ਛੰਦਾਂ, ਗਤਾਂ ਆਦਿ ਲਈ ਵਿਸ਼ੇਸ਼ ਮਹੱਤਾ ਰੱਖਦਾ ਹੈ ਜਿਸ ਵਿੱਚੋਂ ਪਖਾਵਜ ਦੀ ਝਲਕ ਨਜ਼ਰ ਆਉਂਦੀ ਹੈ।

8. ਦੁਆਲ ਜਾਂ ਬੱਧੀ :-ਕਿਹਾ ਜਾਂਦਾ ਹੈ ਕਿ ਇਹ ਊਠ ਦੀ ਖੱਲ ਦੀ ਮਜ਼ਬੂਤ ਰੱਸੀ ਹੁੰਦੀ ਹੈ ਜੋ ਬਹੁਤ ਮਜਬੂਤ ਹੁੰਦੀ ਹੈ। ਅਤੇ ਜਿਹੜੀ ਉੱਪਰੋਂ ਗਜਰੇ ਦੇ ਛੇਕਾਂ ਵਿੱਚੋਂ ਦੀ ਹੁੰਦੀ ਹੋਈ ਤਬਲੇ ਦੇ ਬਲੜੇ ਭਾਗ ਤੋਂ ਗੁਡਰੀ ਵਿੱਚੋਂ ਹੋ ਕੇ ਨਿਕਲਦੀ ਹੈ।

9. ਗੱਟੇ:- ਲੱਕੜੀ ਦੇ ਮਜਬੂਤ ਬੇਲਣਾਕਾਰ ਟੁਕੜੇ ਨੂੰ ਗੱਟਾ ਕਿਹਾ ਜਾਂਦਾ ਹੈ ਜੋ ਲਗਭਗ ਢਾਈ ਜਾਂ ਤਿੰਨ ਇੰਚ ਲੰਮੇ ਹੁੰਦੇ ਹਨ। ਇਹ ਕੁਲ ਅੱਠ ਹੁੰਦੇ ਹਨ। ਦੁਆਲਾਂ ਨੂੰ ਤਬਲੇ ਤੇ ਚੜ੍ਹਾ ਲੈਣ ਤੋਂ ਬਾਅਦ 2-2 ਘਰਾਂ ਵਿੱਚ ਇੱਕ ਗੱਟਾ ਪਾਇਆ ਜਾਂਦਾ ਹੈ। ਇਨ੍ਹਾਂ ਗੱਟਿਆਂ ਦੇ ਕਾਰਣ ਤਬਲੇ ਨੂੰ ਕੱਸਿਆ ਜਾਂ ਢਿੱਲਾ ਕੀਤਾ ਜਾ ਸਕਦਾ ਹੈ ਜਿਸ ਨਾਲ ਤਬਲੇ ਦੇ ਸੁਰ ਤੇ ਅਸਰ ਹੁੰਦਾ ਹੈ। ਇਨ੍ਹਾਂ ਗੱਟਿਆਂ ਦੀ ਸਹਾਇਤਾ ਨਾਲ ਤਬਲੇ ਨੂੰ ਲੋੜੀਂਦੇ ਸਵਰ ਤੇ ਮਿਲਾਇਆ ਜਾ ਸਕਦਾ ਹੈ।

10. ਗੁਡਰੀ ਜਾਂ ਇਡਰੀ:-ਤਬਲੇ ਦੇ ਉੱਪਰਲੇ ਭਾਗ ਤੇ ਪੁੜੇ ਨੂੰ ਟਿਕਾਉਣ ਲਈ ਇਸ ਦੇ ਥੱਲੇ ਵਾਲੇ ਭਾਗ ਤੇ ਜੋ ਚਮੜੇ ਦਾ ਗੋਲਾਕਾਰ ਛੱਲਾ ਲਗਾਇਆ ਜਾਂਦਾ ਹੈ ਉਸਨੂੰ ਗੁਡਰੀ ਜਾਂ ਇਡਰੀ ਕਹਿੰਦੇ ਹਨ। ਦੁਆਲਾਂ ਨੂੰ ਗੁਡਰੀ ਰਾਹੀਂ ਹੀ ਗਜਰੇ ਤੇ ਛੇਕਾਂ ਵਿੱਚੋਂ ਦੀ ਪਰੋਇਆ ਜਾਂਦਾ ਹੈ। ਇਸ ਦੇ ਕਾਰਨ ਹੀ ਪੁੜੀ ਵਿੱਚ ਪੂਰੀ ਤਰ੍ਹਾਂ ਤਣਾਵ ਬਣਿਆ ਰਹਿੰਦਾ ਹੈ। ਇਹ ਤਬਲੇ ਦਾ ਵਿਸ਼ੇਸ਼ ਭਾਗ ਹੈ।

11. ਰਿੰਗ ਜਾਂ ਬਿਨ੍ਹੂੰ:-ਤਬਲੇ ਦੇ ਥੱਲੇ ਰੱਖਣ ਵਾਲਾ ਕੱਪੜੇ ਦਾ ਗੋਲ ਬਣਿਆ ਛੱਲਾ,ਰਿੰਗ ਜਾਂ ਬਿਨ੍ਹੂੰ ਕਹਾਉਂਦਾ ਹੈ ਜਿਸ ਦੇ ਉੱਪਰ ਤਬਲਾ ਟਿਕਿਆ ਰਹਿੰਦਾ ਹੈ। ਇਹ ਵਿਗਿਆਨਕ ਤੌਰ ਤੇ ਤਬਲੇ ਦੀ ਗੂੰਜ ਨੂੰ ਵਧਾਉਂਦਾ ਹੈ।

12. ਹਥੌੜੀ:-ਇਹ ਲੋਹੇ ਜਾਂ ਪਿੱਤਲ ਦੀ ਬਣੀ ਹੁੰਦੀ ਹੈ ਜਿਸ ਨਾਲ ਤਬਲੇ ਨੂੰ ਸੁਰ ਕੀਤਾ ਜਾਂਦਾ ਹੈ।

ਡੱਗਾ,ਡੁੱਗੀ ਜਾਂ ਬਾਇਆਂ ਤਬਲਾ:- ਇਹ ਮਿੱਟੀ ਪਿੱਤਲ,ਤਾਂਬੇ,ਜਾਂ ਲੋਹੇ ਦਾ ਬਣਿਆ ਹੁੰਦਾ ਹੈ। ਮਿੱਟੀ ਦੇ ਡੱਗੇ ਵਿੱਚੋਂ ਗੂੰਜ ਜ਼ਿਆਦਾ ਨਿਕਲਦੀ ਹੈ। ਪ੍ਰੰਤੂ ਇਸ ਦੇ ਟੁੱਟਣ ਦਾ ਡਰ ਬਣਿਆ ਰਹਿੰਦਾ ਹੈ। ਇਸੇ ਕਾਰਨ ਜ਼ਿਆਦਾ ਕਰਕੇ ਡੱਗੇ ਧਾਤੂ ਦੇ ਬਣਾਏ ਜਾਂਦੇ ਹਨ। ਇਸਦੇ ਸਾਰੇ ਭਾਗ ਸੱਜੇ ਤਬਲੇ ਦੀ ਤਰ੍ਹਾਂ ਹੁੰਦੇ ਹਨ। ਕੇਵਲ ਗੱਟੇ ਨਹੀਂ ਹੁੰਦੇ, ਕੁੱਝ ਕਲਾਕਾਰ ਡੁੱਗੇ ਦੇ ਉਤਾਰ-ਚੜ੍ਹਾਅ ਲਈ ਲੱਕੜ ਦੀਆਂ ਛੋਟੀਆਂ -ਛੋਟੀਆਂ ਪਤਲੀਆਂ ਬੇਲਣਾਕਾਰ ਗੱਟੀਆਂ ਪਾਉਂਦੇ ਹਨ। ਇਸ ਤੋਂ ਇਲਾਵਾ ਇਸ ਦੀ ਉਚਾਈ ਸੱਜੇ ਤਬਲੇ ਦੇ ਲਗਭਗ ਬਰਾਬਰ ਹੁੰਦੀ ਹੈ ਅਤੇ ਉਪਰਲੇ ਹਿੱਸੇ ਦਾ ਵਿਆਸ ਨੌ ਤੋਂ ਸਾਢੇ ਨੌ ਇੰਚ ਤੱਕ ਹੁੰਦਾ ਹੈ। ਡੱਗੇ ਦੇ ਪੁੜੇ ਤੇ ਸਿਆਹੀ ਵਿਚਕਾਰ ਦੀ ਬਜਾਏ ਇੱਕ ਪਾਸੇ ਵੱਲ ਲਗਾਈ ਜਾਂਦੀ ਹੈ।

ਤਬਲੇ ਦੇ ਸਾਰੇ ਘਰ ਇਕ ਸੁਰ ਕਰ ਲਏ ਜਾਂਦੇ ਹਨ ਤਾਂ ਇਸ ਨੂੰ ਤਬਲਾ ਮਿਲਾਉਣਾ ਕਹਿੰਦੇ ਹਨ। ਦਾਇਆਂ ਤਬਲਾ ਗਾਇਕ ਵਾਦਕ ਦੇ ਸਵਰ ਅਨੁਸਾਰ ਸ,ਪ,ਸਂ,ਜਾਂ ਮ ਤੇ ਮਿਲਾਇਆ ਜਾਂਦਾ ਹੈ। ਜੇਕਰ ਛੋਟੇ ਮੂੰਹ ਵਾਲੇ ਤਬਲੇ ਨੂੰ ਨੀਵੇਂ ਸਵਰ ਤੇ ਮਿਲਾਇਆ ਜਾਏ ਤਾਂ ਉਸਦੀ ਗੂੰਜ ਖਤਮ ਹੋ ਜਾਂਦੀ ਹੈ। ਇਸਦੇ ਉਲਟ ਜੇਕਰ ਵੱਡੇ ਮੂੰਹ ਦੇ ਤਬਲੇ ਨੂੰ ਉੱਚੇ ਸਵਰ ਤੇ ਮਿਲਾਇਆ ਜਾਏ ਤਾਂ ਤਬਲੇ ਦੇ ਫਟਣ ਦਾ ਖਤਰਾ ਹੁੰਦਾ ਹੈ ਤੇ ਨਾ ਹੀ ਉਹ ਵਧੀਆ ਬੋਲਦਾ ਹੈ। ਤਬਲਾ ਮਿਲਾਉਣ ਲਈ ਗਜਰੇ ਤੇ ਗੱਟਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਵਰ ਦੇ ਜ਼ਿਆਦਾ ਅੰਤਰ ਵਾਸਤੇ ਗੱਟਿਆਂ ਤੇ ਚੋਟ ਲਾ ਕੇ ਸਹੀ ਕੀਤਾ ਜਾਂਦਾ ਹੈ। ਸਵਰ ਨੂੰ ਉੱਚਾ ਕਰਨ ਲਈ ਹਥੌੜੀ ਰਾਹੀਂ ਗਜਰੇ ਜਾਂ ਗੱਟਿਆਂ ਉੱਤੇ ਉੱਪਰ ਤੋਂ ਥੱਲੇ ਨੂੰ ਚੋਟ ਲਗਾਈ ਜਾਂਦੀ ਹੈ ਅਤੇ ਸਵਰ ਨੂੰ ਨੀਵਾਂ ਕਰਨ ਲਈ ਥੱਲਿਉਂ ਉਪਰ ਨੂੰ ਚੋਟ ਲਗਾਈ ਜਾਂਦੀ ਹੈ।

ਬਾਏਂ ਤਬਲੇ ਨੂੰ ਕਿਸੇ ਵਿਸ਼ੇਸ਼ ਸਵਰ ਤੇ ਨਹੀਂ ਮਿਲਾਇਆ ਜਾਂਦਾ। ਕੁੱਝ ਕਲਾਕਾਰ ਬਾਏਂ ਤਬਲੇ ਨੂੰ ਦਾਏਂ ਤਬਲੇ ਦੇ ਹਿਸਾਬ ਨਾਲ ਉੱਚਾ-ਨੀਵਾਂ ਕਰ ਲੈਂਦੇ ਹਨ। ਸੱਜੇ ਤਬਲੇ ਨਾਲੋਂ ਖੱਬੇ ਤਬਲੇ ਨੂੰ ਕੱਸਣ ਦੀ ਵਿਵਸਥਾ ਕੁੱਝ ਭਿੰਨ ਹੁੰਦੀ ਹੈ। ਖੱਬੇ ਤਬਲੇ ਨੂੰ ਕਿਸੇ ਵਿਸ਼ੇਸ਼ ਸਵਰ ਤੇ ਮਿਲਾਣ ਦੀ ਜ਼ਰੂਰਤ ਇਸ ਅੰਤਰ ਦਾ ਮੂਲ ਕਾਰਣ ਹੈ। ਖੱਬੇ ਤਬਲੇ ਨੂੰ ਚਮੜੇ ਦੀ ਬੱਧੀ ਜਾਂ ਰੱਸੀ ਰਾਹੀਂ ਕੱਸਿਆ ਜਾਂਦਾ ਹੈ। ਪਖਾਵਜ ਵਾਦਨ ਵਿੱਚ ਸਾਰੇ ਹੱਥਾਂ ਨੂੰ ਪ੍ਰਯੋਗੀ ਕੀਤਾ ਜਾਂਦਾ ਹੈ ਪ੍ਰੰਤੂ ਤਬਲਾ ਵਾਦਨ ਵਿੱਚ ਉਂਗਲੀਆਂ ਦਾ ਹੀ ਜ਼ਿਆਦਾਤਰ ਪ੍ਰਯੋਗ ਕੀਤਾ ਜਾਂਦਾ ਹੈ। ਵੈਸੇ ਤਬਲੇ ਤੇ ਖੁੱਲ੍ਹੇ ਤੇ ਬੰਦ ਦੋਨੋਂ ਪ੍ਰਕਾਰ ਦੇ ਬੋਲ ਵਜਾਏ ਜਾਂਦੇ ਹਨ।

•••••••••••


ਸਹਾਇਕ ਪੁਸਤਕਾਂ :

1. ਡਾ. ਲਾਲ ਮਣੀ ਮਿਸ਼ਰ, 'ਭਾਰਤੀ ਸੰਗੀਤਵਾਦ'
2. ਡਾ. ਚਿਤਰ ਗੁਪਤਾ 'ਸੰਗੀਤ ਵਿੱਚ ਤਾਲ ਵਾਦਾਂ ਦੀ ਉਪਯੋਗਿਤਾ'

# ਪਰੇਮ

## ਬੇਦੀ ਲਾਲ ਸਿੰਘ ਸਾਹਿਤਕਾਰ*

ਪ੍ਰਮਾਣੀਕ ਪੁਸਤਕਾਂ ਦਾ ਮੁਤਾਲਿਆ ਤੇ ਅਨੁਭਵ ਇਹ ਗੱਲ ਦਸਦਾ ਹੈ, ਕਿ ਪਰੇਮ-ਪਿਆਰ ਕੇਵਲ ਤੇ ਕੇਵਲ ਸਤਿ-ਸੰਗਤ ਤੋਂ ਹੀ ਮਿਲਦਾ ਹੈ। ਜੇ ਇਹ ਕਹੀਏ ਕਿ ਅਸਲ ਵਿੱਚ ਪਰੇਮ ਦੀਆਂ ਸਤਿ-ਸੰਗਤ ਹੀ ਹੈ ਤਾਂ ਅਤਿ ਕਥਨੀ ਨਹੀਂ, ਸੰਗੋਂ ਯਥਾਰਿਕਤਾ ਤੇ ਆਧਾਰਤਿ ਹੈ। ਆਉ ਹੁਣ ਵਾਚੀਏ ਕਿ ਪਰੇ ਮ ਹੈ ਕੀ? ਪ੍ਰਭੂ ਦੇ ਦੀਦ ਦੀ ਖਿੱਚ ਜਾਂ ਕਿਸੇ ਸੁੰਦਰੀ ਦੇ ਪਿਆਰ ਦੀ ਖਿੱਚ। ਪ੍ਰਭੂ ਦੀਦ ਤੇ ਉਸ ਦੇ ਮਿਲਾਪ ਨੂੰ ਵੀ 'ਪਰੇਮ' ਹੀ ਕਹਿੰਦੇ ਹਨ। ਇਸ ਖਿੱਚ ਨੂੰ ਫ਼ਾਰਸੀ ਭਾਸ਼ਾ ਵਾਲੇ ਕਸ਼ਸ਼ ਆਖਦੇ ਹਨ। ਅਸੀਂ-ਸੰਸਾਰ ਦੇ ਪ੍ਰਸਿੱਧ ਮਹਾਂਪੁਰਸ਼ਾਂ ਦੇ ਪਰੇਮ ਪ੍ਰਤੀ ਆਪੋ-ਆਪਣੇ ਵਿਚਾਰ ਇਸ ਤਰ੍ਹਾਂ ਦਸਦੇ ਹਾਂ ਨਾਲ ਹੀ ਇਹ ਵੀ ਦਰਸਾਉਂਦੇ ਹਾਂ, ਕਿ ਹਕੀਕੀ ਪਰੇਮ ਦਾ ਜਨਮ ਮਿਜ਼ਾਜੀ ਪਰੇਮ ਦੀ ਹੋਂਦ ਤੋਂ ਹੀ ਪੈਦਾ ਹੋ ਕੇ ਅਮਰ ਜੀਵਨ ਹਾਸਲ ਕਰਦਾ ਹੈ। ਪਰੇਮ (ਇਸ਼ਕ) ਦੋ ਪ੍ਰਕਾਰ ਦਾ ਹੁੰਦਾ ਹੈ:- 1. ਮਿਜ਼ਾਜੀ 2. ਹਕੀਕੀ।

ਮਹਾਂਪੁਰਸ਼ਾਂ ਦੇ ਵਿਚਾਰ:-

*1) ਪਰੇਮ ਵਾਸਤਵ ਵਿੱਚ ਇਕ ਰਾਗ ਹੈ, ਜਿਸ ਦੀਆਂ ਸੁਰਾਂ ਦੀਆਂ ਆਵਾਜ਼ਾਂ ਪ੍ਰੇਮੀ ਨੂੰ ਕੀਲ ਲੈਂਦੀਆਂ ਹਨ- (ਅਨੁਲਹੱਕ)*

*2) ਪਰੇਮ ਪਰਮਾਤਮਾ ਹੈ - (ਹਜ਼ਰਤ ਈਸਾ ਜੀ)*

*3) ਪਰੇਮ ਇੱਕ ਪਵਿੱਤਰ ਲਗਨ ਹੈ - (ਸ਼ੇਖ ਸਾਅਦੀ ਜੀ)*

*4) ਪਰੇਮ ਧਰਮ ਤੇ ਦੀਨ-ਈਮਾਨ ਹੈ - (ਮੌਲਾਨਾ ਰੂਮੀ)*

*5) ਪਰੇਮ ਸੁੰਦਰੀ ਦੀ ਸੁੰਦਰਤਾ ਤੇ ਉਸ ਦੇ ਹਾਵਾਂ-ਭਾਵਾਂ 'ਚੋਂ ਉਪਜਦਾ ਹੈ - (ਸਿਆਮ ਜੀ)*

*6) ਪਰੇਮ ਹੀ ਭਗਵਾਨ ਹੈ - (ਮਹਾਤਮਾ ਬੁੱਧ)*

*7) ਪਰੇਮ ਨਿੱਡਰ ਹੈ, ਲੋਕ-ਲਾਜ ਤੋਂ ਰਹਿਤ ਹੈ - (ਦਾਦੂ ਜੀ)*

*8) ਪਰੇਮ ਇੱਕ ਅਜਿਹੀ ਢਾਲ ਹੈ, ਜਿਸ ਤੇ ਕਿਸੇ ਦਾ ਵਾਰ ਨਹੀਂ ਚਲ ਸਕਦਾ - (ਪੀਰ ਬੁੱਲ੍ਹੇਸ਼ਾਹ)*

*9) ਪਰੇਮ ਇੱਕ ਵਸੀਕਰਨ ਮੰਤਰ ਹੈ - (ਗੁ. ਗੋਰਖਨਾਥ)*

*10) ਪਰੇਮ ਸਿਦਕ, ਭਰੋਸੇ ਦਾ ਸਾਕਾਰ ਰੂਪ ਹੈ- (ਦਿਹਾਟ)*

*11) ਪਰੇਮ ਇੱਕ ਰੋਸ਼ਨੀ ਹੈ, ਜੋ ਸਦਾ ਜਗਦੀ ਰਹਿੰਦੀ ਹੈ (ਸ਼ਮਸ਼ ਤਬਰੇਜ਼)*

*12) ਪਰੇਮ ਇੱਕ ਅਮੁਕ ਕਹਾਣੀ ਹੈ - (ਟੈਗੋਰ ਜੀ)*

*13) ਪਰੇਮ ਇੱਕ ਲਾਸਾਨੀ ਰਸ-ਭਰਿਆ ਜਜ਼ਬਾ ਹੈ - (ਸਰੋਜਨੀ ਨਾਇਡੋ)*

*14) ਪਰੇਮ ਅਸਲ ਵਿੱਚ ਰੂਹ ਦੀ ਅਦੁੱਤੀ ਖੁਰਾਕ ਹੈ - (ਮੀਰਾਂ ਬਾਈ)*

*15) ਪਰੇਮ ਲਾ-ਫ਼ਾਨੀ ਹੈ - (ਗੁਰੂ ਤੇਗ ਬਹਾਦਰ ਜੀ*

*16) ਪਰੇਮ ਸ਼ੀਸ਼ੇ ਤੋਂ ਨਾਜ਼ੁਕ ਤੇ ਲੋਹੇ ਤੋਂ ਸਖਤ ਹੈ (ਗਿਰਧਰ ਰਾਇ ਜੀ)*

*17) ਪਰਮੇ ਹੀ ਨੂਰ ਹੈ - (ਪੀਰ ਅਨਾਇਤ ਸ਼ਾਹ ਤੇ ਹਜ਼ਰਤ ਮੂਸਾ)*

*18) ਪ੍ਰਭੂ ਪ੍ਰਾਪਤੀ ਦਾ ਸਾਧਨ, ਕੇਵਲ ਤੇ ਕੇਵਲ ਪਰੇਮ ਹੈ - (ਸ੍ਰੀ ਗੁਰੂ ਗੋਬਿੰਦ ਸਿੰਘ ਜੀ)*

*19) ਪਰੇਮ ਵੀ ਇੱਕ ਨਸ਼ਾ ਹੈ - (ਪੀਰ ਅਨਾਇਤ ਸ਼ਾਹ ਤੇ ਹਜ਼ਰਤ ਮੂਸਾ)*

*20) ਪਰੇਮ ਸਮੁੰਦਰ ਵਤ ਗਹਿਰਾ ਹੈ, ਜਿਸ ਵਿੱਚ ਬੇਖੁਦੀ ਦੀਆਂ ਲਹਿਰਾਂ ਸਦਾ ਉੱਠਦੀਆਂ ਰਹਿੰਦੀਆਂ ਹਨ - (ਸਯੱਦ ਜੀ)*

*21) ਪਰੇਮ ਸਦਾ ਅਮਰੀ ਹੈਸੀਅਤ ਰੱਖਦਾ ਹੈ - (ਭਗਤ ਕਬੀਰ ਜੀ)*

*22) ਪਰੇਮ ਸੁਜਾਖਾ ਹੈ ਅੰਨ੍ਹਾ ਨਹੀਂ - (ਭਗਤ ਸੂਰਦਾਸ ਜੀ)*

*23) ਪਰੇਮ ਮਾਨਵਤਾ ਦਾ ਸਾਕਾਰ ਰੂਪ ਹੈ - (ਸ਼ੇਖ਼ ਫ਼ਰੀਦ ਜੀ)*

*24) ਪਰੇਮ ਦਾ ਬਲ (ਸ਼ਕਤੀ) ਅਥਾਹ ਹੁੰਦਾ ਹੈ - (ਭਾਈ ਮਨੀ ਸਿੰਘ ਜੀ)*

*25) ਪਰੇਮ ਹੀ ਜੀਵਨ ਨੂੰ ਸ਼ਹੀਦ ਕਰਾ ਕੇ ਅਮਰ ਕਰਵਾਉਂਦਾ ਹੈ - (ਅਨੁਲਹੱਕ)*

ਪਰੇਮ ਦੇ ਬਾਰੇ ਹੋਰ ਵੀ ਅਨੇਕਾਂ ਮਹਾਂਪੁਰਸ਼ਾਂ ਦੇ ਵਿਚਾਰ ਹਨ, ਪਰ ਅਸੀਂ ਲੇਖ ਦੇ ਲੰਮਾ ਹੋਣ ਤੋਂ ਸੰਕੋਚ ਕਰਦੇ ਹੋਏ ਏਥੇ ਹੀ ਬਸ ਕਰਦੇ ਹਾਂ।

ਪਰੇਮ ਦੀਆਂ ਨਿਸ਼ਾਨੀਆਂ :- ਇੱਕ ਵਾਰੀ ਮੌਲਾਨਾ ਰੂਮ ਜੀ ਨੂੰ ਉਹਨਾਂ ਦੇ ਇੱਕ ਸ਼ਾਗਿਰਦ ਨੇ ਪੁੱਛਿਆ, ਕਿ ਮੌਲਾਨਾ ਸਾਹਿਬ ਪ੍ਰੇਮ (ਇਸ਼ਕ) ਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਹਨ? ਜਿੰਨ੍ਹਾਂ ਤੋਂ ਪ੍ਰੇਮੀ ਦੀ ਪਹਿਚਾਣ ਹੋ ਜਾਂਦੀ ਹੈ। ਮੌਲਾਨਾ ਸਾਹਿਬ ਕਹਿਣ ਲੱਗੇ ਕਿ ਬੇਟਾ! ਪਰੇਮੀ ਦੀਆਂ ਇਹ ਨੌ ਨਿਸ਼ਾਨੀਆਂ ਪ੍ਰਸਿੱਧ ਹੁੰਦੀਆਂ ਹਨ:- ਜਿਵੇਂ-

1 2 3<br>
ਆਹੋਂ ਸਰਦ, ਰੰਗ ਜ਼ਰਦ, ਚਸ਼ਮ ਤਰ।<br>
4 5 6<br>
ਇੰਤਜ਼ਾਰੀ, ਬੇਕਰਾਰੀ, ਬੇ-ਸਬਰ।<br>
7 8 9<br>
ਕਮ ਗੁਫ਼ਤਨ, ਕਮ ਖੁਰਦਨ, ਖਾਬੇ ਕਮਤਰ।

ਭਾਵ :- ਠੰਡੇ ਹਉਕੇ ਭਰਨਾ, ਚਿਹਰੇ ਦਾ ਰੰਗ ਪੀਲਾ ਹੋ ਜਾਣਾ, ਅੱਖਾਂ 'ਚੋਂ ਅੱਥਰੂ ਵਗਦੇ ਰਹਿਣਾ, ਘੱਟ-ਬੋਲਣਾ, ਘੱਟ ਖਾਣਾ ਤੇ ਨੀਂਦ ਦਾ ਨਾ ਆਉਣਾ ਸਦਾ ਉਡੀਕ ਦਾ ਸ਼ਿਕਾਰ ਰਹਿੰਦਾ ਹੈ, ਉਸ ਦੇ ਦਿਲ ਨੂੰ ਬਿਨਾਂ ਦੀਦਾਰ ਦੇ ਯਕੀਨ ਨਹੀਂ ਆਉਂਦਾ, ਉਸ ਨੂੰ ਵੇਖੇ ਬਿਨਾਂ ਸਬਰ ਨਹੀਂ ਆਉਂਦਾ। ਉਹ ਘੱਟ ਬੋਲਦਾ ਹੈ (ਚੁੱਪ ਰਹਿੰਦਾ ਹੈ), ਘੱਟ ਖਾਂਦਾ ਹੈ ਤੇ ਘੱਟ ਹੀ ਸਉਂਦਾ ਹੈ। ਸ਼ਾਗਿਰਦ ਮੌਲਾਨਾ ਜੀ ਦੇ ਇਹ ਸ਼ਬਦ ਨਿਸ਼ਾਨੀਆਂ ਦੇ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਆਖਣ ਲੱਗਾ, ਠੀਕ ਹੀ ਸਿਆਣੇ 'ਇਸ਼ਕ' ਦੇ ਅਖਰੀਨੀ ਏਸੇ ਤਰ੍ਹਾਂ ਅਰਥ ਕਰਦੇ ਹਨ। ਸ਼ਬਦ ਹੈ-ਇਸ਼ਕ। ਇਹ ਸ਼ਬਦ ਅਰਬੀ ਭਾਸ਼ਾ ਦਾ ਹੈ। ਅਰਬੀ ਲਿੱਪੀ ਦੇ ਤਿੰਨਾ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ ਭਾਵ:-

ਐਨ+ਸ਼ੀਨ+ਕਾਫ=ਇਸ਼ਕ

ਐਨ ਅੱਖਰ ਵਿਅਕਤੀ ਦੀ ਅਕਲ ਮਾਰਦਾ ਹੈ ਤੇ ਸ਼ੀਨ

* 48/1 ਬੇਦੀ ਨਿਵਾਸ, ਨਰੈਣ ਗੜ੍ਹ, ਛਿਹਰਟਾ, ਅੰਮ੍ਰਿਤਸਰ -143106

ਅੱਖਰ ਸ਼ਕਲ ਅਤੇ ਕਾਫ ਅੱਖਰ ਸਿਰ ਕਲਮ ਕਰਾਉਂਦਾ ਹੈ। ਫਿਰ ਜਾ ਕੇ ਵਿਅਕਤੀ ਨੂੰ ਇਸ਼ਕ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਇਸ ਹਕੀਕੀ ਇਸ਼ਕ ਨੇ ਅਨੁਲਹੱਕ ਦੇ ਸਰਮਦ ਦਾ ਸਿਰ ਕਲਮ ਕਰਾ ਲਿਆ ਸੀ – ਦਿੱਲੀ ਵਿਖੇ।

ਇਸ਼ਕ ਇੱਕ ਪਵਿੱਤਰ ਜਜ਼ਬਾ ਹੈ, ਜਿਸ ਦੇ ਆਧਾਰ ਤੇ ਪੰਜਾਬ ਵਿੱਚ ਹੀਰ-ਰਾਂਝੇ, ਸੱਸੀ ਪੁੰਨੂੰ, ਸ਼ੀਰੀ-ਫ਼ਰਿਆਦ, ਲੈਲਾ ਮਜਨੂੰ, ਮਿਜ਼ਾਜੀ ਇਸ਼ਕ ਤੋਂ ਹਕੀਕੀ ਇਸ਼ਕ ਦੀ ਪ੍ਰਾਪਤੀ ਕਰਕੇ ਦੁਨੀਆਂ ਵਿੱਚ ਅਮਰ ਹੋ ਗਏ ਹਨ। ਹਰ ਵਿਅਕਤੀ ਪਿਆਰ ਦੀ ਮੰਜ਼ਿਲ ਦਾ ਰਾਹੀ ਨਹੀਂ ਬਣ ਸਕਦਾ। ਪਰੇਮ ਅਕਾਲਪੁਰਖ ਨੂੰ ਪ੍ਰਾਪਤ ਕਰਨ ਲਈ, ਬੜੇ ਦ੍ਰਿੜ, ਅਡੋਲ, ਪੱਕੇ ਵਿਸ਼ਵਾਸ ਵਾਲਾ ਹੀ ਇਸ ਅਦੁੱਤੀ ਰਾਹ ਦਾ ਪਾਂਧੀ ਬਣਦਾ ਹੈ।

ਸੱਚ ਤਾਂ ਇਹ ਹੈ, ਕਿ ਇਸਤਰੀ ਪੁਰਸ਼ ਦਾ ਹਕੀਕੀ ਪਰੇਮ ਸੱਚੇ ਆਸ਼ਕ ਤੇ ਮਾਸ਼ੂਕ ਦੀ ਪੱਦਵੀ ਰੱਖਦੇ ਹਨ। ਜਿਵੇਂ ਫ਼ਾਰਸੀ ਦੇ ਇੱਕ ਮਹਾਨ ਵਿਦਵਾਨ ਦਾ ਕਥਨ ਹੈ ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ, ਜਿਵੇਂ :-

ਦਰ ਮੁਹਬਤ ਚੂੰ ਜਨੇ ਹਿੰਦੂ ਕਸੇ ਮਰਦਾਨਾ ਨੇਸਤ।
ਸੋ ਲਖਤਨ ਬਰ ਸਮਾਂ ਮੁਰਦਾਕਾਰਾਂ ਪ੍ਰਵਾਨ ਨੇਸਤ।

ਭਾਵ: ਹਿੰਦੂ ਇਸਤਰੀ ਦੇ ਪਤੀ ਪਿਆਰ ਦੀ ਕੋਈ ਮਿਸਾਲ ਨਹੀਂ ਮਿਲਦੀ, ਭਾਵਕਿ ਹਿੰਦੂ ਇਸਤਰੀ ਮਰੇ ਹੋਏ ਪਤੀ ਨਾਲ ਸੜ ਜਾਂਦੀ ਹੈ।

ਦੂਸਰੇ ਸੂਫ਼ੀ ਫਕੀਰ ਜੋ ਸਰੋਦ ਨਾਲ ਤਾਂ ਹੀ ਖੇਡਦੇ ਹਨ, ਉਹਨਾਂ ਨੂੰ ਪ੍ਰਣਾਲੀ ਦੇ ਗਾਏ ਕੌਲਾਂ ਤੋਂ ਅਜਿਹੀ ਮਸਤੀ ਆਉਂਦੀ ਹੈ, ਕਿ ਮਸਤੀ ਆਏ ਪ੍ਰੇਮੀ ਦੀਆਂ ਲੱਤਾਂ ਨੂੰ ਜਿਉੜਾ ਬੰਨ੍ਹ ਕੇ ਕਿਸੇ ਉੱਚੇ ਦਰੱਖਤ ਦੇ ਟਾਹਣ ਨਾਲ ਬੰਨ੍ਹ ਦੇਂਦਾ ਹੈ। ਉਸ ਦੀਆਂ ਲੱਤਾਂ ਉਪਰ ਹੁੰਦੀਆਂ ਹਨ ਤੇ ਸਿਰ ਹੇਠਲੇ ਪਾਸੇ ਤੇ ਮਸਤੀ ਵਿੱਚ 'ਅਨੁਲਹੱਕ' ਭਾਵ ਖੁਦਾ ਸੱਚ ਹੈ ਦਾ ਨਾਅਰਾ ਮਾਰਕੇ ਫਿਰ ਪੀਂਘ ਵਾਕੁਰ ਗਲ ਨੂੰ ਝੂਟਦਾ ਹੈ। ਮਿੱਥੇ ਸਮੇਂ ਉਪਰੰਤ ਉਸ ਨੂੰ ਖੋਲ ਕੇ ਥੱਲੇ ਉਤਾਰ ਕੇ, ਉਸ ਨੂੰ ਘੁੱਟ-ਨੱਪ ਕੇ ਹੋਸ਼ ਵਿੱਚ ਲਿਆਂਦਾ ਜਾਂਦਾ ਹੈ। ਏਸੇ ਹੀ ਕਾਰਨ "ਐਨੁਲਹੱਕ" ਜੀ ਕਹਿੰਦੇ ਹਨ ਕਿ ਪਰੇਮ ਵੀ ਇੱਕ ਰਾਗ ਹੈ, ਪਰੇਮ ਬਜਾਤੇ ਖੁਦ ਇੱਕ ਜਾਦੂ ਦੀ ਹੈਸ਼ੀਅਤ ਰੱਖਦਾ ਹੈ। ਭਾਵ "ਰੱਗ" ਚੋਂ ਮਿੱਠੀ ਤੇ ਮਨਮੋਹਨੀ ਨਿਕਲੀ ਆਵਾਜ਼ ਹੀ ਰਾਗ ਹੁੰਦੀ ਹੈ। ਆਮ ਕਿਹਾ ਜਾਂਦਾ ਹੈ, ਕਿ ਯਾਰ ਉਸ ਦੀ ਰੱਗ ਬੜੀ ਮਿੱਠੀ ਤੇ ਅਸਰਦਾਇਕ ਹੈ। ਕਈ ਆਖਦੇ ਹਨ, ਉਸ ਦਾ ਗਲਾ ਬੜਾ ਅੱਛਾ ਹੈ। ਕਹਿਣ ਦਾ ਭਾਵ ਇਹ ਹੈ ਕਿ ਇਹ ਵੀ ਭਾਵ-ਰਾਗ ਸਰੀਰ ਚੋਂ ਹੀ ਜਨਮ ਲੈਂਦਾ ਹੈ।

'ਪਰੇਮ' ਹਾੜੀ-ਸਾੜੀ ਨੂੰ ਤਾਂ ਪ੍ਰਾਪਤ ਨਹੀਂ ਹੁੰਦਾ ਕਿਉਂ ਕਿ ਗੁਰਬਾਣੀ ਦਸਦੀ ਹੈ, ਕਿ ਪਰੇਮ ਦੀ ਪ੍ਰਾਪਤੀ ਸਿਰ ਦੇਣ ਤੇ ਹੁੰਦੀ ਹੈ ਜਿਵੇਂ ਭਗਤ ਕਬੀਰ ਜੀ ਕਹਿੰਦੇ ਹਨ:-

ਕਬੀਰ ਜੋ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥
ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥
(ਸਲੋਕ ਭਗਤ ਕਬੀਰ ਪੰਨਾ 1377)

ਇਸ ਵਿਚਾਰ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਕਰਦੇ ਹਨ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਸਲੋਕ ਮ ੧, ਪੰਨਾ ੧੩੬੩)

ਅੰਗਰੇਜ਼ੀ ਭਾਸ਼ਾ ਦੇ ਪ੍ਰਸਿੱਧ ਵਿਦਵਾਨ ਜੀਵ ਦੀ ਵੱਡੀ ਭੁੱਲ ਨੂੰ ਇਸ ਪ੍ਰਕਾਰ ਦਸਦੇ ਹਨ:-

"ਇਨਸਾਨ ਦੀ ਵੱਡੀ ਭੁੱਲ ਇਹ ਹੈ, ਕਿ ਜਿਨ੍ਹਾਂ ਚੀਜ਼ਾਂ ਨੂੰ ਕੇਵਲ ਵਰਤਣਾ ਚਾਹੀਦਾ ਸੀ ਉਹਨਾਂ ਨੂੰ ਇਹ ਭੋਗਣ ਦੀ ਇੱਛਿਆ ਕਰਦਾ ਹੈ ਤੇ ਜਿਨ੍ਹਾਂ ਚੀਜ਼ਾ ਨੂੰ ਭੋਗਣਾ ਚਾਹੀਦਾ ਸੀ, ਉਹਨਾਂ ਨੂੰ ਇਹ ਕੇਵਲ ਵਰਤਣ ਦੀ ਇੱਛਾ ਕਰਦਾ ਹੈ (ਜੋ ਪ੍ਰੇਮ ਦੇ ਰਾਹ ਦੀਆਂ ਰੋਕਾਂ ਹਨ)"

ਵਾਸ਼ਨਾਵਾਂ ਦਾ ਤਿਆਗ ਹੀ ਪ੍ਰੇਮ ਦੀ ਮੰਜ਼ਿਲ ਨੂੰ ਸਹਿਲਾ ਤੇ ਸੌਖਾ ਬਣਾਉਂਦਾ ਹੈ। ਇੱਛਿਆਵਾਂ ਵਿਅਕਤੀ ਦੀ ਪ੍ਰੇਮ ਮੰਜ਼ਿਲ ਦੀਆਂ ਭਾਰੀਆਂ ਰੁਕਾਵਟਾਂ ਹਨ। ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ:-

ਕਿ ਜਿਹੜੇ ਪ੍ਰਾਣੀ ਮੋਹ-ਮਾਇਆ ਤੇ ਕੁਟੰਬ ਦੇ ਸਨਬੰਧੀਆਂ ਨਾਲ ਪ੍ਰੇਮ ਕਰਦੇ ਹਨ ਤੇ ਜਿਨ੍ਹਾਂ ਦੇ ਹਿਰਦੇ ਅੰਦਰ ਰਾਮ ਰਸੁ ਦੀ ਪ੍ਰੀਤ ਨਹੀਂ, ਉਹ ਕੁਟੰਬ ਮੋਹ, ਨਿੱਜੀ ਇੱਛਿਆਵਾਂ, ਵਿਸ਼ਿਆਂ ਅਤੇ ਦੁਬਿਧਾ ਦਾ ਸ਼ਿਕਾਰ ਹੋ ਕੇ ਨਿਕੰਮੇ ਕੰਮਾਂ ਵਿੱਚ ਫਸ ਕੇ ਆਪਣਾ ਅਮੋਲਕ ਜੀਵਨ ਮੱਕੜੀ ਵਾਂਗੂੰ ਗਵਾ ਲੈਂਦੇ ਹਨ ਜਿਵੇਂ :-

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ॥
ਜਿਸ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਧਾ ਕਰਮ ਬਿਕਾਰੀ॥
(ਸਾਰੰਗ ਮ: ੧ ਪੰਨਾ ੧੧)

ਸੱਚ ਤਾਂ ਇਹ ਹੈ, ਕਿ ਇਕ 'ਪ੍ਰੇਮ' ਦੇ ਆਉਣ ਨਾਲ ਅਨੇਕਾਂ ਬਰਕਤਾਂ ਘਰ ਵਿੱਚ ਪ੍ਰਵੇਸ਼ ਕਰਦੀਆਂ ਹਨ। ਈਸਾਈਆਂ ਦੀ ਪਵਿੱਤਰ ਪੁਸਤਕ ਬਾਈਬਲ ਵਿੱਚ ਹਜ਼ਰਤ ਸਾਹਿਬ ਇਸ ਤਰ੍ਹਾਂ ਕਹਿ ਗਏ ਹਨ:-

"ਪਿਆਰ ਕਰੋ ਤੇ ਤੁਹਾਨੂੰ ਸਭ ਕੁਝ ਮਿਲ ਜਾਏਗਾ"

ਦੂਜਾ ਪ੍ਰੇਮੀ ਪ੍ਰੇਮ ਕਰਕੇ ਜੀਅ ਪੈਂਦਾ ਹੈ, ਭਾਵ ਉਹ ਤਾਂ ਅਮਰ ਹੋ ਜਾਂਦਾ ਹੈ। ਜਿਹੜਾ ਪ੍ਰਾਣੀ ਪ੍ਰੇਮ ਨਾਲ ਇਕਮਿਕ ਹੋ ਗਿਆ, ਸੰਸਾਰ ਅੰਦਰ ਉਹ ਅਮਰ ਹੋ ਗਿਆ ਜਿਵੇਂ ਫ਼ਾਰਸੀ ਦੇ ਮਹਾਨ ਵਿਦਵਾਨ ਦਾ ਕਥਨ ਹੈ :-

"ਹਰਗਿਜ ਨ ਮੀਰਦ ਆਂ ਕਿ,
ਦਿਲਸ਼ ਜ਼ਿੰਦਾ ਸ਼ੁਦ ਸਕਬੀਨ।
ਸਬਤ ਅਸਤ ਬਰ,
ਹਰੀਦਾ-ਏ-ਆਲਮ ਦਵਾਮ।"

ਅਰਥ :- ਪ੍ਰੇਮੀ ਕਦੇ ਵੀ ਨਹੀਂ ਮਰਦਾ ਸਗੋਂ ਉਸ ਦਿਲ ਪ੍ਰੇਮ ਨਾਲ ਮਿਲ ਜਾਂਦਾ ਹੈ ਤੇ ਉਹ ਸਦਾ ਲਈ ਆਪਣੀ ਕੁਰਬਾਨੀ ਦੀ ਗਵਾਹੀ ਦੋਨਾਂ ਜਹਾਨਾਂ ਵਿੱਚ ਅਮਰ ਕਰ ਜਾਂਦਾ ਹੈ।

ਸਿੱਟੇ ਵਜੋਂ ਇਹ ਕਹਿਣਾ ਹੀ ਯੋਗ ਸਮਝਦਾ ਹਾਂ ਕਿ ਪ੍ਰੇਮ ਇਕ ਐਸਾ ਜਜ਼ਬਾ ਹੈ ਜਿਸ ਦੇ ਰਾਹੀਂ ਪ੍ਰਾਣੀ ਨਿਰਾ ਜੀਵਨ – ਮੁਕਤ ਹੀ ਨਹੀਂ ਹੁੰਦਾ, ਸਗੋਂ ਉਹ ਦੋਵਾਂ ਜਹਾਨਾਂ ਵਿੱਚ ਅਮਰ ਹੋ ਜਾਂਦਾ ਹੈ। ਉਪਰੋਕਤ ਵਿਚਾਰਾਂ ਤੋਂ ਵੀ ਇਹੋ ਸਿੱਧ ਹੋਇਆ ਕਿ ਪ੍ਰੇਮ ਤੋਂ ਬਿਨਾਂ ਜੀਵ ਤਾਂ ਕੌਡੀ ਮੁਲ ਦਾ ਨਹੀਂ ਕਿਉਂਕਿ ਉਹ ਮੱਕੜੀ ਦੇ ਆਪੇ ਤਾਣੇ (ਜਾਲੇ) ਵਾਂਗੂੰ ਪ੍ਰਾਣੀ ਵੀ ਆਪਣੇ ਤਣੇ ਮੋਹ-ਮਾਇਆ ਦੇ ਤਾਨੇ (ਜਾਲ) ਵਿੱਚ ਫਸ ਕੇ ਆਪਾ ਗਵਾ ਜਾਂਦਾ ਹੈ। ਇਸ ਲਈ ਅਮਰ ਰਹਿਣ ਲਈ ਪ੍ਰੇਮ ਸਾਧਨਾ ਹੀ ਉਚਿਤ ਹੈ।

# ਮਾਸਟਰ ਗ਼ੁਲਾਮ ਹੈਦਰ ਦਾ ਕੀਰਤਨੀ ਪਿਛੋਕੜ

## ਹਰਜਾਪ ਸਿੰਘ ਔਜਲਾ*

ਬਹੁਤ ਸਾਰੇ ਲੋਕ ਸਮਝਦੇ ਹਨ ਕਿ ਮਾਸਟਰ ਗ਼ੁਲਾਮ ਹੈਦਰ ਪੰਜਾਬ ਦੇ ਪ੍ਰਿਥਮ ਫ਼ਿਲਮੀ ਸੰਗੀਤ ਨਿਰਦੇਸ਼ਕ ਸਨ। ਇਹ ਗੱਲ ਠੀਕ ਨਹੀਂ। ਮਾਸਟਰ ਹੋਰੀ ਫ਼ਿਲਮਾਂ ਵਿੱਚ 1935 ਵਿੱਚ ਹੀ ਆਏ। ਉਨ੍ਹਾਂ ਤੋਂ ਪਹਿਲਾਂ ਉਸਤਾਦ ਝੰਡੇ ਖ਼ਾਹ, ਰਫ਼ੀਕ ਗ਼ਜ਼ਨਵੀ, ਦਲੀਪ ਚੰਦ੍ਰ ਵੇਦੀ ਅਤੇ ਹਰੀਸ਼ ਚੰਦ੍ਰ ਬਾਲੀ ਹੋਏ ਹਨ, ਜਿਨ੍ਹਾਂ ਨੇ ਫ਼ਿਲਮਾਂ ਵਿੱਚ ਸੰਗੀਤ ਦਿੱਤਾ। ਉਸਤਾਦ ਝੰਡੇ ਖ਼ਾਂ ਜੋ ਅੱਜ ਕਲ੍ਹ ਦੇ ਮਸ਼ਹੂਰ-ਓ-ਮਾਰੂਫ਼ ਸੰਗੀਤ ਨਿਰਦੇਸ਼ਕ ਨੌਸ਼ਾਦ ਦੇ ਉਸਤਾਦ ਸਨ 1931 ਤੋਂ ਹੀ ਫ਼ਿਲਮਾਂ ਵਿੱਚ ਸੰਗੀਤ ਦੇਂਦੇ ਆਏ ਹਨ। ਉਨ੍ਹਾਂ ਦੀਆਂ 1935 ਤੱਕ ਦੀਆਂ ਫ਼ਿਲਮਾਂ ਇਸ ਪ੍ਰਕਾਰ ਸਨ। ਦੇਵੀ ਦੇਵਿਆਨੀ (DEVI DEVIANI) (1931), ਭੂਤੀਆ ਮਹੱਲ (1932), ਚਾਰ ਚਕਰਮ (1932), ਖ਼ੇਲ ਬਾਲਾ (1932), ਭੋਲਾ ਸ਼ਿਕਾਰੀ (1933), ਭੂਲ ਭੁਲਈਆਂ (1933), ਮਿੱਸ ਉਨੀਸੌ ਤੇਤੀਸ (1933), ਪ੍ਰਦੇਸੀ ਪ੍ਰੀਤਮ (1933), ਦੁਖ਼ਤਰ-ਏ-ਹਿੰਦ (1934), ਵੀਰ ਬਬਰੂਵਾਹਨ (1934) ਅਤੇ ਭਾਰਤ ਕੀ ਬੇਟੀ 1935 ਸਨ। ਪਰ ਇਹ ਸਾਰੀਆਂ ਹੀ ਫ਼ਿਲਮਾਂ ਬੰਬਈ ਵਿੱਚ ਬਣੀਆਂ ਹਨ। ਉਸਤਾਦ ਝੰਡੇ ਖ਼ਾਂ ਨੇ ਲਹੌਰ ਵਿੱਚ ਪਹਿਲੀ ਫ਼ਿਲਮ ਵਿੱਚ ਸੰਗੀਤ 1936 ਵਿੱਚ ਦਿੱਤਾ। ਇਹ ਫ਼ਿਲਮ ਸੀ "ਆਂਸੂਓਂ ਕੀ ਦੁਨੀਆਂ"।

ਰਫ਼ੀਕ ਗ਼ਜ਼ਨਵੀ ਨੇ ਪਹਿਲੀ ਪੰਜਾਬੀ ਫ਼ਿਲਮ ਹੀਰ ਰਾਂਝਾ ਵਿੱਚ 1932 ਵਿੱਚ ਸੰਗੀਤ ਦਿੱਤਾ। ਉਸੇ ਹੀ ਸਾਲ ਉਨ੍ਹਾਂ ਨੇ ਲਹੌਰ ਵਿੱਚ ਹੀ ਹਿੰਦੀ ਫ਼ਿਲਮ 'ਪਵਿੱਤਰ ਗੰਗਾ' ਵਿੱਚ ਭੀ ਸੰਗੀਤ ਦਿੱਤਾ। ਫੇਰ ਉਹ ਬੰਬਈ ਚਲੇ ਗਏ ਅਤੇ ਉੱਥੇ ਉਨ੍ਹਾਂ ਨੇ 'ਜਵਾਨੀ ਦੀਵਾਨੀ' ਵਿੱਚ 1934 ਵਿੱਚ ਅਤੇ 'ਬਹਿਨ ਕਾ ਪ੍ਰੇਮ' ਵਿੱਚ 1935 ਵਿੱਚ ਸੰਗੀਤ ਦਿੱਤਾ। ਇਹ ਸਾਰਾ ਕੁਝ ਉਨ੍ਹਾਂ ਨੇ ਗ਼ੁਲਾਮ ਹੈਦਰ ਦੇ ਫ਼ਿਲਮਾਂ ਵਿੱਚ ਆਗਮਨ ਤੋਂ ਪਹਿਲਾਂ ਕੀਤਾ।

ਦਲੀਪ ਚੰਦ੍ਰ ਵੇਦੀ ਨੇ 1934 ਵਿੱਚ ਹੀ ਦੋ ਫ਼ਿਲਮਾਂ ਵਿੱਚ ਬੰਬਈ ਰਹਿ ਕੇ ਸੰਗੀਤ ਦਿੱਤਾ, ਇਹ ਸਨ 'ਸ਼ਾਹੀ ਲੱਕੜਹਾਰਾ' ਅਤੇ 'ਨੂਰਮਹਿਲ' ਹਰੀਸ਼ ਚੰਦ੍ਰ ਬਾਲੀ ਨੇ ਭੀ 1934 ਵਿੱਚ ਦੋ ਫ਼ਿਲਮਾਂ 'ਵਤਨ ਪ੍ਰਸੱਤ' ਅਤੇ 'ਵੀਰ ਪੂਜਨ' ਵਾਸਤੇ ਸੰਗੀਤ ਦਿੱਤਾ। ਫੇਰ 1935 ਵਿੱਚ ਹਰੀਸ਼ ਚੰਦ੍ਰ ਬਾਲੀ ਨੇ 'ਭਿਖਾਰਨ' ਅਤੇ 'ਜੀਵਨ ਨਾਟਕ' ਹਿੰਦੀ ਫ਼ਿਲਮਾਂ ਵਿੱਚ ਬੰਬਈ ਵਿੱਚ ਹੀ ਸੰਗੀਤ ਦਿੱਤਾ। ਇਸ ਤਰ੍ਹਾਂ ਹਰੀਸ਼ ਚੰਦ੍ਰ ਬਾਲੀ ਭੀ ਗ਼ੁਲਾਮ ਹੈਦਰ ਤੋਂ ਪਹਿਲਾਂ ਦੇ ਫ਼ਿਲਮਾਂ ਵਿੱਚ ਸਨ।

ਪਰ ਇਨ੍ਹਾਂ ਸਭ ਤੋਂ ਵੱਧ ਸ਼ੋਹਰਤ ਮਾਸਟਰ ਹੈਦਰ ਨੂੰ ਪ੍ਰਾਪਤ ਹੋਈ। ਉਨ੍ਹਾਂ ਦੇ ਸੰਬੰਧ ਵਿੱਚ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਪਹਿਲੀ ਫ਼ਿਲਮ 1934 ਵਿੱਚ ਬੰਬਈ ਵਿੱਚ ਬਣਾਈ, ਨਾਂਓ ਸੀ "ਥੀਫ਼ ਆਫ਼ ਬਗ਼ਦਾਦ"। ਪਰ ਇਹ ਗੱਲ ਗ਼ਲਤ ਹੈ। ਉਹ ਸਾਰੀ ਉਮਰ ਅੰਮ੍ਰਿਤਸਰ ਅਤੇ ਲਹੌਰ ਹੀ ਰਹੇ। ਬੰਬਈ ਉਹ 1944 ਵਿੱਚ ਹੀ ਗਏ 1950 ਦੇ ਕਰੀਬ ਵਾਪਸ ਲਹੌਰ ਪਰਤ ਆਏ। ਉਨ੍ਹਾਂ ਨੂੰ ਪਹਿਲੇ ਪੰਜਾਬੀ ਸੰਗੀਤ ਨਿਰਦੇਸ਼ਕਾਂ ਵਿੱਚੋਂ ਸਭ ਤੋ ਵੱਧ ਮਸ਼ਹੂਰ ਹੋਣ ਦਾ ਸ਼ਰਫ਼ ਜਾਂਦਾ ਹੈ। ਉਨ੍ਹਾਂ ਨੇ ਉਮਰਾਜ਼ੀਆ ਬੇਗਮ, ਸ਼ਮਸ਼ਾਦ ਬੇਗਮ, ਨੂਰਜਹਾਂ, ਮੁਹੰਮਦ ਰਫ਼ੀ ਅਤੇ ਲਤਾ ਨੂੰ ਸਭ ਤੋਂ ਪਹਿਲੀ ਵਾਰੀ ਫ਼ਿਲਮਾਂ ਵਿੱਚ ਲਿਆਂਦਾ।

ਪੰਡਿਤ ਅਮਰ ਨਾਥ ਦਾ ਸੰਗੀਤ ਸੁਣੋ ਤਾਂ ਉਸ ਵਿੱਚੋਂ ਬਿਸਤ ਦੋਆਬ ਦੇ ਲੋਕ ਸੰਗੀਤ ਦੀ ਝਲਕ ਪੈਂਦੀ ਹੈ। ਗ਼ੁਲਾਮ ਹੈਦਰ ਦੇ ਸੰਗੀਤ ਵਿੱਚੋਂ ਐਸਾ ਕੋਈ ਇਸ਼ਾਰਾ ਨਹੀਂ ਮਿਲਦਾ। ਆਮ ਸੰਗੀਤ ਨਿਰਦੇਸ਼ਕ ਦਾਦਰਾ, ਕਹਿਰਵਾ ਜਾਂ ਤਿੰਨ ਤਾਲ ਵਿੱਚ ਹੀ ਧੁਨਾਂ, ਬੰਨ੍ਹ ਦੇਂਦੇ ਹਨ। ਪਰ ਗ਼ੁਲਾਮ ਹੈਦਰ ਇੰਜ ਨਹੀਂ ਸਨ ਕਰਦੇ। ਉਨ੍ਹਾਂ ਨੇ ਆਪਣੇ ਸੰਗੀਤ ਵਿੱਚ ਅਨੇਕਾਂ ਤਾਲਾਂ ਇਸਤੇਮਾਲ ਕੀਤੀਆਂ। ਔਖੀਆਂ ਔਖੀਆਂ ਤਾਲਾਂ ਵਿੱਚ ਉਨ੍ਹਾਂ ਨੇ ਗ਼ੈਰਮਾਮੂਲੀ ਧੁਨਾਂ ਬਣਾਈਆਂ।

ਗ਼ੁਲਾਮ ਹੈਦਰ ਬਾਰੇ ਪਾਕਿਸਤਾਨ ਵਿੱਚ ਕਈ ਲੇਖ ਛਪਦੇ ਰਹੇ ਹਨ। ਪਰ ਉਨ੍ਹਾਂ ਦੇ ਪਿਛੋਕੜ ਬਾਰੇ ਕਿਸੇ ਨੇ ਭੀ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ। ਸ਼ਾਇਦ ਇਸ ਕਰਕੇ ਕਿ ਉਨ੍ਹਾਂ ਦੇ ਪਿਛੋਕੜ ਦੀਆਂ ਜੜ੍ਹਾਂ ਗੁਰਮਤਿ ਸੰਗੀਤ ਵਿੱਚ ਸਨ। ਮੈਨੂੰ ਗ਼ੁਲਾਮ ਹੈਦਰ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਤੀਬਰ ਜਗਿਆਸਾ ਸੀ ਇਸ ਕਰਕੇ ਮੈਂ ਪੁਰਾਣੀ ਪੀੜ੍ਹੀ ਦੇ ਬਜ਼ੁਰਗਾਂ ਨੂੰ ਇਸ ਸੰਬੰਧੀ ਪੁੱਛਦਾ ਰਿਹਾ ਹੈ। ਗ਼ੁਲਾਮ ਹੈਦਰ ਸੰਬੰਧੀ ਮੈਨੂੰ ਖ਼ਾਸ ਖ਼ਾਸ ਜਾਣਕਾਰੀ ਸੰਗੀਤ ਨਿਰਦੇਸ਼ਕ ਐਸ. ਮੁਹਿੰਦਰ ਅਤੇ ਕੀਰਤਨੀਏ ਭਾਈ ਪ੍ਰਤਾਪ ਸਿੰਘ ਜੀ ਨੇ ਦਿੱਤੀ।

ਭਾਈ ਪ੍ਰਤਾਪ ਸਿੰਘ ਜੀ ਨੇ ਦੱਸਿਆ ਕਿ ਉਹ ਗ਼ੁਲਾਮ ਹੈਦਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਭਾਈ ਪ੍ਰਤਾਪ ਸਿੰਘ ਰਬਾਬੀ ਖ਼ਾਨਦਾਨ ਵਿੱਚੋਂ ਹਨ। ਉਹ ਦੱਸਦੇ ਹਨ ਕਿ ਮਾਸਟਰ ਗ਼ੁਲਾਮ ਹੈਦਰ ਦਾ ਪਿਛੋਕੜ ਭੀ ਰਬਾਬੀ ਖ਼ਾਨਦਾਨ ਦਾ ਹੀ ਸੀ। ਗ਼ੁਲਾਮ ਹੈਦਰ ਦੇ ਪਿਤਾ ਜੀ ਗੁਰੂ ਘਰਾਂ ਵਿੱਚ ਭਾਈ ਮਿਹਰ ਦੇ ਨਾਓਂ ਨਾਲ ਜਾਣੇ ਜਾਂਦੇ ਸਨ। ਉਹ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਰਬਾਬੀ ਹਜ਼ੂਰੀ ਰਾਗੀ ਭੀ ਰਹੇ ਸਨ।

ਭਾਈ ਮਿਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ 31 ਰਾਗਾਂ ਤੋਂ ਅਲਾਵਾਂ ਅਨੇਕਾਂ ਹੋਰਾਂ ਰਾਗਾਂ ਦੇ ਜਾਣੂੰ ਭੀ ਸਨ। ਤਾਲਾਂ ਭੀ ਉਹ ਤਿੰਨ ਤਾਲ ਤੋਂ ਅਲਾਵਾ ਯੱਕਾ, ਚਾਰ ਤਾਲ, ਪੰਜ ਤਾਲ, ਚੰਦਨ ਤਾਲ ਅਤੇ ਹੋਰ ਔਖੀਆਂ ਔਖੀਆਂ ਤਾਲਾਂ ਦੇ ਧਨੀ ਸਨ। ਆਪਣੇ ਪੁੱਤਰ ਗ਼ੁਲਾਮ ਹੈਦਰ ਨੂੰ ਭਾਈ ਮਿਹਰ ਕੀਰਤਨੀਆ ਬਣਾਉਣਾ ਚਾਹੁੰਦੇ ਸਨ। ਪਿਤਾ ਦੀ ਸ਼ਗਿਰਦੀ ਭੀ ਮਾਸਟਰ ਹੋਰਾਂ ਕੀਤੀ ਅਤੇ ਉਨ੍ਹਾਂ ਨਾਲ ਸੰਗਤੀ ਭੀ ਕੀਤੀ। ਪਰ ਉਨ੍ਹਾਂ ਦਾ ਮਨ ਕੀਰਤਨ ਵਿੱਚ ਨਹੀਂ ਸੀ ਲਗਦਾ। ਇਸ ਲਈ ਉਹ ਲਾਹੌਰ ਆ ਗਏ।

ਉਪਰੋਕਤ ਸੂਚਨਾ ਦਾ ਸਰੋਤ ਭਾਈ ਪ੍ਰਤਾਪ ਸਿੰਘ ਜੀ

*16, Junction Pond Lane, Monmouth Junction N.J.-08852 USA

ਹਨ। ਬਾਕੀ ਦੀ ਜਾਣਕਾਰੀ ਸੰਗੀਤ ਨਿਰਦੇਸ਼ਕ ਐਸ ਮੁਹਿੰਦਰ ਜੀ ਨੇ ਫੁਰਾਹਮ ਕੀਤੀ ਹੈ। ਐਸ ਮੁਹਿੰਦਰ ਜੀ ਦੱਸਦੇ ਹਨ ਕਿ ਲਾਹੌਰ ਵਿੱਚ ਜ਼ਿੰਦਾ ਨਾਚ ਅਤੇ ਮਹਿਫ਼ਿਲ-ਏ-ਨਗ਼ਮਾਤ ਦਾ ਪੁਰਾਣਾ ਰਿਵਾਜ ਸੀ। ਗ਼ੁਲਾਮ ਹੈਦਰ ਜ਼ਿੰਦਾ ਨਾਚ ਅਤੇ ਮਹਿਫ਼ਿਲ-ਏ-ਨਗ਼ਮਾਤ ਵਾਸਤੇ ਤਰਜ਼ਾਂ ਤਰਤੀਬ ਦੇਣ ਲੱਗ ਪਏ। ਉਹ ਖ਼ੁਦ ਹਰਮੋਨੀਅਮ ਭੀ ਬਹੁਤ ਵਧੀਆ ਵਜਾਉਂਦੇ ਸਨ ਅਤੇ ਤਬਲਾ ਅਤੇ ਢੋਲਕ ਦੇ ਭੀ ਮਾਹਿਰ ਸਨ। ਇਸ ਕਿੱਤੇ ਵਿੱਚ ਰਹਿਕੇ ਉਨ੍ਹਾਂ ਨੇ ਅਨੇਕਾਂ ਦਿਲਕਸ਼ ਤਰਜ਼ਾਂ ਬਣਾਈਆਂ। ਇਹ ਸ਼ਾਇਦ 1925 ਤੋਂ 1935 ਤੱਕ ਦੀ ਗੱਲ ਹੈ। ਫ਼ੇਰ ਮਸ਼ਹੂਰੀ ਇਸ ਕਦਰ ਵਧੀ ਕਿ ਗ਼ੁਲਾਮ ਹੈਦਰ ਤਮਾਮ ਭਾਰਤ ਦੇ ਸੰਗੀਤ ਦੇ ਨਕਸ਼ੇ ਤੇ ਛਾ ਗਏ। ਕਾਮਯਾਬੀ ਉਨ੍ਹਾਂ ਦੇ ਪੈਰ ਚੁੰਮਦੀ ਸੀ।

ਲਾਹੌਰ ਵਿੱਚ ਗ਼ੁਲਾਮ ਹੈਦਰ ਦੀ ਪਹਿਲੀ ਫ਼ਿਲਮ "ਮਜਨੂੰ" ਸੀ। ਇਸ ਫ਼ਿਲਮ ਉੱਪਰ ਲਿਖਿਆ ਹੋਇਆ ਹੈ ਮੌਸੀਕਾਰ "ਗ਼ੁਲਾਮ ਹੈਦਰ ਅੰਮ੍ਰਿਤਸਰੀ"। ਐਨੇ ਨੂੰ ਪਿਤਾ ਜੀ ਭਾਈ ਮਿਹਰ ਭੀ ਬਜ਼ੁਰਗ ਹੋ ਗਏ ਸਨ। ਆਪਣੇ ਲੜਕੇ ਨੂੰ ਬਤੌਰ ਇੱਕ ਕਾਮਯਾਬ ਸੰਗੀਤ ਨਿਰਦੇਸ਼ਕ ਵੇਖਕੇ ਉਹ ਖ਼ੁਦ ਭੀ ਅੰਮ੍ਰਿਤਸਰੋਂ ਲਾਹੌਰ ਆ ਗਏ। ਲਾਹੌਰ ਵਿੱਚ ਹੀ ਰਹਿੰਦੇ ਸਮੇਂ ਗ਼ੁਲਾਮ ਹੈਦਰ ਨੇ ਆਪਣਾ 8 ਤੋਂ 10 ਸਾਜ਼ਾਂ ਦਾ ਔਰਕੈਸਟਰਾ ਬਣਾ ਲਿਆ ਸੀ। ਇਸ ਵਿੱਚ ਹਰਮੋਨੀਅਮ ਮਾਸਟਰ ਸਰਦਾਰ ਕਰਤਾਰ ਸਿੰਘ ਸਨ। ਗ਼ੁਲਾਮ ਹੈਦਰ ਨੇ ਤਬਲਾ ਅਤੇ ਢੋਲਕੀ ਤਾਲ ਵਾਸਤੇ ਇਸਤੇਮਾਲ ਕੀਤੇ। ਪਿਆਨੋ ਅਤੇ ਰਬਾਬ ਨੂੰ ਭੀ ਮਾਸਟਰ ਹੋਰਾਂ ਤਾਲ ਤੇ ਜ਼ੋਰ ਦੇਣ ਵਾਸਤੇ ਇਸਤੇਮਾਲ ਕੀਤਾ। ਕਿਤੇ ਕਿਤੇ ਉਹ ਟਰੰਪਟ, ਕਲਾਰਿਨਟੈ ਅਤੇ ਹੋਰ ਪੱਛਮੀ ਸਾਜ਼ ਇਸਤੇਮਾਲ ਕਰਦੇ ਸਨ। ਵਾਇਲਿਨ ਉਨ੍ਹਾਂ ਨੇ ਆਪਣੇ ਸੰਗੀਤ ਵਿੱਚ ਵਜਾਈ ਜ਼ਰੂਰ ਹੈ, ਪਰ ਤੀਹ ਤੀਹ ਵਾਇਲਿਨਜ਼ ਵਜਾਉਣ ਦਾ ਉਨ੍ਹਾਂ ਦਾ ਸ਼ੌਕ ਨਹੀਂ ਸੀ। ਮਾਸਟਰ ਗ਼ੁਲਾਮ ਹੈਦਰ ਦੇ ਸੰਗੀਤ ਵਿੱਚ ਪਰੀ ਲਿਊਡਜ਼ ਅਤੇ ਇੰਟਰਲਿਊਡਜ਼ ਦੀ ਵਿਸ਼ੇਸ਼ ਥਾਂ ਹੈ। ਉਹ ਬੜੇ ਪੇਚੀਦਾ ਇੰਟਰ ਲਿਊਡਜ਼ ਪੇਸ਼ ਕਰਿਆ ਕਰਦੇ ਸਨ। ਇੰਜ ਕਰਨਾ ਭੀ ਉਨ੍ਹਾਂ ਦੀ ਖ਼ਾਸੀਅਤ ਬਣ ਗਈ ਸੀ।

ਜੇ ਧਿਆਨ ਨਾਲ ਸੁਣੋਂ ਤਾਂ ਪਤਾ ਲਗਦਾ ਹੈ ਭਾਈ ਸੰਤਾ ਸਿੰਘ ਜੀ ਦਵਾਰਾ ਗਾਏ ਹੋਏ ਅੱਠ ਸ਼ਬਦਾਂ ਦੇ ਰਿਕਾਰਡਾਂ ਵਿੱਚ ਗ਼ੁਲਾਮ ਹੈਦਰ ਦਾ ਆਰਕੈਸਟਰਾ ਭੀ ਵੱਜਦਾ ਹੈ ਅਤੇ ਪਰੀਲਿਊਡਜ਼ ਅਤੇ ਇੰਟਰਲਿਊਡਜ਼ ਭੀ ਲਾਜਵਾਬ ਹਨ। ਇਹ ਸ਼ਾਇਦ ਗ਼ੁਲਾਮ ਹੈਦਰ ਦੇ ਗੁਰਮਤਿ ਸੰਗੀਤ ਦੇ ਪਿਛੋਕੜ ਦੀ ਮਿਹਰ ਸਦਕੇ ਸੰਭਵ ਹੋਇਆ ਹੈ।

---

## 34 ਵਾਂ ਸ਼ਾਸਤਰੀ ਸੰਗੀਤ ਸੰਮੇਲਨ

ਜਲੰਧਰ। ਸੰਗੀਤ ਕਲਾ ਮੱਚ (ਰਜਿ.) ਜਲੰਧਰ ਦੇ ਮੁੱਖ ਸਕਤਰ ਡਾ: ਜੋਗਿੰਦਰ ਬਾਵਰਾ ਨੇ ਸੂਚਿਤ ਕੀਤਾ ਹੈ ਕਿ ਭਾਰਤ ਦੀ ਆਜ਼ਾਦੀ ਦੀ 50ਵੀਂ ਵਰ੍ਹੇ ਗੰਢ ਦੇ ਮੌਕੇ ਉਤੇ ਮਹਾਤਮਾ ਗਾਂਧੀ ਜੀ ਨੂੰ ਸਮ੍ਰਪਿਤ 34ਵਾਂ ਕਲਾਸੀਕਲ ਸੰਗੀਤ ਸਮਾਰੋਹ 4 ਅਕਤੂਬਰ 1998 ਐਤਵਾਰ ਨੂੰ ਗੁਰੂ ਨਾਨਕ ਦੇਵ ਜ਼ਿਲ੍ਹਾ ਲਾਇਬ੍ਰੇਰੀ ਜਲੰਧਰ ਵਿਖੇ 2-30 ਬਾਅਦ ਦੁਪਹਿਰ ਆਰੰਭ ਹੋਵੇਗਾ। ਇਸ ਵਿੱਚ ਸ੍ਰੀਮਤੀ ਸ਼ੈਲਾ ਪਿਪਲਾਪੁਰੇ ਬੰਬਈ (ਗਾਇਨ) ਡਾ. ਰਮਾ ਸਰਾਫ਼ ਦਿੱਲੀ (ਗਾਇਨ) ਉਸਤਾਦ ਅਕਰਮ ਖਾਂ (ਤਬਲਾ) ਸ੍ਰੀ ਦਾਨਿਸ਼ ਅਸਲਮ ਖਾਂ (ਸਰੋਦ) ਤੇ ਹੋਰ ਸੰਗੀਤਕਾਰ ਭਾਗ ਲੈ ਰਹੇ ਹਨ। ਆਪ ਜੀ ਨੂੰ ਆਮੰਤ੍ਰਿਤ ਕੀਤਾ ਜਾਂਦਾ ਹੈ।

*ਪੁੱਛ ਗਿੱਛ : ਡਾ. ਜੋਗਿੰਦਰ ਬਾਵਰਾ ਫੋਨ 144 EM ਮਸਤਾ ਮੁੱਹਲਾ ਜਲੰਧਰ ਸ਼ਹਿਰ*

## ਮਾਇਕ ਤੌਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਡਿਪਲੋਮਾ ਇਨ ਗੁਰਮਤਿ ਸੰਗੀਤ ਵਿਚ ਦਾਖਲਾ ਦਿਵਾਉਣ ਬਾਰੇ

ਮਿਤੀ: 8-8-98 ਨੂੰ ਗੁਰਮਤਿ ਸੰਗੀਤ ਸਟੂਡੈਂਟਸ ਫੌਰਮ ਦੀ ਮੀਟਿੰਗ ਹੋਈ। ਇਸ ਵਿਚ ਸ. ਮਹਿੰਦਰ ਪਾਲ ਸਿੰਘ, (ਰੋਲ ਨੰ: 1928) ਨੂੰ ਮੀਤ ਸਕੱਤਰ ਨਿੱਯੁਕਤ ਕੀਤਾ ਗਿਆ। ਇਸ ਮੀਟਿੰਗ ਦੇ ਹਵਾਲੇ ਨਾਲ ਸ. ਦਰਸ਼ਨ ਸਿੰਘ ਜਨਰਲ ਸਕੱਤਰ (ਰੋਲ ਨੰ: 1901) ਨੇ ਸੂਚਿਤ ਕੀਤਾ ਹੈ ਕਿ ਗਰੀਬ ਵਿਦਿਆਰਥੀਆਂ ਨੂੰ ਮਾਈਕ ਸਹਾਇਤਾ ਦੇ ਕੇ ਡਿਪਲੋਮਾ ਇਨ ਗੁਰਮਤਿ ਸੰਗੀਤ ਕੋਰਸ ਵਿਚ ਦਾਖਲਾ ਲੈਣ ਦਾ ਪ੍ਰਬੰਧ ਕੀਤਾ ਗਿਆ ਹੈ। ਲੋੜਵੰਦ ਵਿਦਿਆਰਥੀਆਂ ਨੂੰ ਬੇਨਤੀ ਹੈ ਕਿ ਉਹ ਮਿਤੀ 18-9-98 ਨੂੰ ਬਾਅਦ ਦੁਪਹਿਰ ਦੋ ਵਜੇ ਗੁਰਦੁਆਰਾ ਸਾਹਿਬ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪਹੁੰਚਣ। ਉਹ ਆਪਣੇ ਨਾਲ ਮੈਟ੍ਰਿਕ ਦੇ ਅਸਲ ਸਰਟੀਫੀਕੇਟ, ਤਜਰਬੇ ਦੇ ਅਸਲ ਸਰਟੀਫੀਕੇਟ ਅਤੇ ਆਪਣੀਆਂ ਤਾਜ਼ਾ ਪਾਸਪੋਰਟ ਸਾਈਜ਼ ਦੀਆਂ ਚਾਰ-ਚਾਰ ਫੋਟੋਆਂ ਵੀ ਨਾਲ ਲਿਆਉਣ। ਇਸ ਦੇ ਨਾਲ ਪਿੰਡਾਂ ਵਿਚ ਰਹਿੰਦੇ ਉਮੀਦਵਾਰ ਪਿੰਡ ਦੇ ਸਰਪੰਚ ਕੋਲੋ ਅਤੇ ਸ਼ਹਿਰਾਂ ਦੇ ਵਸਨੀਕ ਓਥ ਕਮਿਸ਼ਨਰ ਵੱਲੋਂ ਤਸਦੀਕ ਕੀਤਾ ਹੋਇਆ ਸਲਾਨਾ ਆਮਦਨ ਦਾ ਹਲਫੀਆ ਬਿਆਨ ਵੀ ਨਾਲ ਲਿਆਉਣ। ਹੋਰ ਪੁੱਛ-ਗਿੱਛ ਲਈ ਸ. ਦਰਸ਼ਨ ਸਿੰਘ ਨਾਲ ਫੋਨ ਨ: 0175-283030 ਜਾਂ ਸ. ਹਰਭਜਨ ਸਿੰਘ (ਚੋਪੜਾ) ਨਾਲ ਫੋਨ : 0172-713915 ਤੇ ਸੰਪਰਕ ਕੀਤਾ ਜਾ ਸਕਦਾ ਹੈ।

# MUSIC AS A HOBBY

## ARUNA CHANDARAJU

It is wonderful to have a hobby. It makes your free time and leisure both pleasurable and profitable. And these benefits can be enjoyed not only by you but also by those around you.

And the best part is that a hobby is entirely of our own choice. We may have been forced into some line of education. or some kind of career, by overambitious parents, or due to some other pressures like financial ones or social expectations and opinions regarding which career or education is more prestigious and worthwhile.

Hobbies provide a welcome escape from routine. Even if we are content and happy with our present studies or jobs, a hobby is still useful for the relief it provides from the hard work studying entails or the job strers most working persons face.

Even for house-bound women groaning under the monotony of housework, having a hobby is the best way to relax and unwind.

One of the most attractive hobbies I can think of is music. Learning it, singing, playing an instrument or just listening to great music and drinking in its sheer nectarine beauty is one of the most exquisite pleasures of life.

Cultivating a love for music does not bring just pleasure. It can also be turned into a profitable occupation bringing in fame, riches and social status. Music as hobby includes-being just a listener, connoisseur of learning it, or finally turning professional with it. Music-especiaily classical music, soothes, relaxes, and spiritually elevates us. It also has a therapeutic effect on emotionally disturbed people and mental patients.

Here, in this article, we will consider Indian classical music. Soulful music can transport you to a world of beauty and melody, whether you are playing that music or whether you are listening to a great performance.

In India, there are 2 major streams of classical music-Carnatic and Hindustani. Hindustani music is raga-based while Carnatic is composition-based.

The former is more secular, while the latter is steeped in a tradition of *bhakti* or devotion.

Both are equally sublime and you can choose to adopt any one of them for your hobby. Generally, however, North Indians take to the Hindustani form, while the Southerners go in for Carnatic music. This is because language and culture are very important dimensions of any music system.

### Natural affinity

The natural familiarity a North Indian acquires with his own language and culture helps him to understand, learn and appreciate Hindustani music easily when he approaches it. Thus, even with the same natural potential or talent, he would find acquiring proficiency in Carnatic music or even understanding it, an uphill task.

Similarly, the South Indian is better advised to stick to Carnatic music where he can make headway much faster. Hindustani music would surely be a hard nut for him to crack.

But, having said this, we must also make two other points. One is that there are exceptions to the above rule. N. Rajam, the renowned Hindustani violonist, is a South Indian. Sumitra Guha, from Andhra Pradesh, has carved a niche for herself in ghazal-rendering and Rabindra Sangeet.

Secondly, to a true lover or music, there are no bars to the appreciation of good music. If your hobby is listening to good

music, and you have an aesthetic sense, melodies as those of the Veena, and Balamurali's rendition of a Tyagaraja Kriti can give you as much delight as Bhimsen Joshi's elaboration of raga Bhairav.

The best means of listening to music as a hobby is to acquire a collection of finely recorded audio cassettes and a good casette recorder. Hours of your leisure time will just pass away without you even being aware of it as you go into raptures over your favourite pieces.

One can also attend music concerts as regularly as possible. In fact, before the advent of radios, cassette players and TVs this was the only means of enjoying good music.

We come now to the other category, those for whom music as a hobby means learning it (either vocal or instrumental) and singing/playing it for them-selves, their families and friends, or at an occasional small performance.

To such persons, all the ways described above for music appreciation are applicable as first steps before they actually commence formal learning of the art viz. listening to cassettes, radio and TV programmes and attending concerts.

At a younger age, the same steps apply with parents and elders assuming responsibility. From an early age, we must ensure that the child who is musically inclined gets to hear as much good music as possible. Such persons grow up to enjoy and benefit from music as a hobby more than others without this henefit.

**Musical atmosphere**

In many families, where there are elders (parents or grandparents) who already know much about music and/or regulary play or sing it (as in most South Indian families), there is a natural musical atmosphere.

Music here is also regularly listened to over radio and TV and concerts are regularly attended. Such households provide a tremendous advantage to children, for much of the theoretical knowledge and 'music sense' become well-developed in them before they begin formally learning it.

As for homes in which parents or grandparents are celebrity musicians, the advantages are indeed tremendous for the child.

Many such children often take to music so seriously and passionately that they rise above making it a mere hobby and become professionals, earning fame, name and riches.

Next, guard against the tendency to go fast, or to learn quickly. In classical music, the slower and deeper you go, building up a strong, solid, sound foundation, the better for your future.

Never should the parent or student put pressure on the teacher for quick results (like holding the first performance). In fact, a really good teacher will refuse to bow to such pressure knowing its folly. If anything is worth learning, it is worth learning well.

Another important requirement in music is saadhana or riyaaz. Practice makes perfect. The great maestros we see around us-and the fame, awards, adulation and money showered on them-are the result of innumerable hours of patient, painstaking practice by them.

Of course, not all of us, especially those who intend to keep music only as a hobby and not turn it into a profession can afford so much time daily. Then, the rule is to learn a little, and go very slow so that the little you know, you know very well.

If you have mastered music to some extent, you can start giving small programmes. If you are going to turn professional, these will be stepping-stones. If not, you can have the satisfaction for the rest of your life that you did exhibit your talent learning to some extent at least.

Before you start performing before the public, you should start by giving brief performances before family memebers or gatherings of relatives. You can even request small groups (of 4-10 members) of friends (it will be ideal if they are connoisseurs themselves) to spare time to listen to you or your child's performance.

This helps overcome stage fear and acts as a kind of rehearsal for future public performances. You can also play at school and college functions.

In many colonies, there are cultural clubs which hold entertainment programmes regularly. Try and get a small slot on some such programme. Then, because you have got a break and also have been noticed, you can both apply for and be invited to other programmes.

From now, if you want to turn your hobby into a profession, you can start moving on to the well-known clubs or cultural associations of your town or city.

Simultaneously, you can also apply for an audition at the AIR centre conducted at regular intervals for all categories of music. Details of eligibility, application forms, etc, will be available with them.

Once you pass this test, you will be giving regular programmes over the radio. Of course, it is required that you maintain a consistent high quality. Those who wish to become professionals generally move on from the amateur slots to higher level slots where they get bigger time slots and famous names regularly sing/play.

Thus, whether you are an ordinary singer/player or professional, what-ever you have learnt by making music as your hobby, is never wasted. It can and always does enrich your life and that of others around you.

Above all, even if you have never played an instrument or sung a classical song in your life, but have only been a rasika-you are still very lucky. As connoisseur and music lover, you will have discovered one of the greatest pleasures of life. And it is countless other people like you who are keeping the great musical tradition and the performers going.

1. Music "with charms to soothe a savage breast, to soften rocks, or bend a knotted oak"- can fill your life with a very special magic.
2. Listening to good music is one of the most ***EXUISITE*** pleasures of life.
3. An important requirement in music is saadhana or riyaaz. Practice makes perfect.
4. One who plays musio should try to practise it regularly.


# ਨਿੱਤਨੇਮ

PATH: DR. JAGIR SINGH JI

ਜਪੁਜੀ ਸਾਹਿਬ
ਜਾਪ ਸਾਹਿਬ
ਤ੍ਵ ਪ੍ਰਸਾਦਿ ਸਵੱਯੇ
ਚੌਪਈ
ਅਨੰਦੁ ਸਾਹਿਬ
ਅਰਦਾਸ

WORLD'S FIRST NITNEM CD

ਵਿਦੇਸ਼ਾਂ ਵਿੱਚ ਰਹਿੰਦੇ ਸੱਜਣ ਇਹ ਸੀ. ਡੀ. ਜ਼ਰੂਰ ਮੰਗਵਾਉਣ ਜੀ।

KFH ENTERPRISES (CANADA)
Produced by: Rashpal S. Kalsi
Suit# 172-151-10090-152 Street
Surrey, B.C. V3R 8X8 Fax: (604)584-9440
In U.K. 116-N. Hyde Rd, Hayes, Middlesex, U.K. UB3 4NQ
Tel/Fax: 0181-581-1914

NORTH AMERICAN DISTRIBUTION BY:
*MUSIC WAVES PROD./RAVIB VIDEO*
Unit 101, 8334-128 Street, Surey. B.C. V3MT 62
Ph: (604) 599-1110-(604) 599-6063

# ਡਿਪਲੋਮਾ ਇਨ ਗੁਰਮਤਿ ਸੰਗੀਤ

## (ਪਟਿਆਲਾ ਯੂਨੀਵਰਸਿਟੀ ਦਾ ਅੱਖੀਂ ਡਿੱਠਾ ਪਹਿਲਾ ਪੀ. ਸੀ. ਪੀ.)

ਗੁਰੂ ਕਿਰਪਾ ਹੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਮੁਚੀ ਲੁਕਾਈ ਲਈ ਸੁਖਦਾਈ ਹੋਣ ਵਾਲਾ ਗੁਰਮਤਿ ਸੰਗੀਤ ਦਾ ਉਹ ਮਹਾਨ ਵਿਰਸਾ, ਜਿਸ ਨੂੰ ਅਸੀਂ ਇਕ ਤਰ੍ਹਾਂ ਨਾਲ ਭੁਲਦੇ ਹੀ ਜਾ ਰਹੇ ਸੀ, ਕੁਝ ਕੁ-ਟਕਸਾਲਾਂ, ਸੰਸਥਾਵਾਂ ਨੂੰ ਛੱਡ, ਲਗਾਤਾਰ ਆਪਣੀ ਮੱਤ ਦੁਆਰਾ ਤਿਆਰ ਕੀਤਾ ਸੰਗੀਤ ਪੈਦਾ ਕਰਕੇ ਇਸ ਤੋਂ ਦੂਰ ਹੁੰਦੇ ਜਾ ਰਹੇ ਸੀ, ਮੁੜ ਯੂਨੀਵਰਸਿਟੀ ਪੱਧਰ ਤੇ ਆਰੰਭ ਹੋਇਆ। ਹਰ ਮਹਾਨ ਕਾਰਜ ਗੁਰੂਕਿਰਪਾ ਤੇ ਸੰਗਤਾਂ ਦੇ ਸਹਯੋਗ ਨਾਲ ਸਿਰਜਦਾ ਤੇ ਸਫਲ ਹੁੰਦਾ ਹੈ। ਸੋ ਸੰਗਤੀ ਰੂਪ ਵਿਚ ਪਟਿਆਲਾ ਯੂਨੀਵਰਸਿਟੀ ਦੇ ਕੁਲਪਤੀ ਡਾ. ਜੋਗਿੰਦਰ ਸਿੰਘ ਪਵਾਰ ਜੀ ਦਾ ਵਿਸ਼ੇਸ਼ ਧੰਨਵਾਦ ਕਰਨਾ ਬਣਦਾ ਹੈ, ਕਿ ਉਹਨਾਂ ਨੇ ਸੰਸਾਰ ਵਿਚ ਪਹਿਲੀ ਵਾਰ ਯੂਨੀਵਰਸਿਟੀ ਪੱਧਰ ਤੇ 'ਡਿਪਲੋਮਾ ਇਨ ਗੁਰਮਤਿ ਸੰਗੀਤ' ਅਰੰਭ ਕਰਨ ਦਾ ਐਲਾਨ ਕੀਤਾ। ਇਸ ਮਹਾਨ ਪੰਥਕ ਕਾਰਜ ਵਿਚ ਸ਼ਾਮਲ ਸੰਤ ਬਾਬਾ ਸੁੱਚਾ ਸਿੰਘ ਜੀ ਜੱਵਦੀ ਵਾਲੇ, ਡਾ. ਗੁਰਨਾਮ ਸਿੰਘ ਜੀ ਮੁੱਖੀ ਸੰਗੀਤ ਵਿਭਾਗ ਪਟਿਆਲਾ, ਡਾ. ਜਸਮੇਲ ਸਿੰਘ ਬਰਾੜ ਮੁੱਖੀ ਪੱਤਰ ਵਿਹਾਰ ਵਿਭਾਗ ਪਟਿਆਲਾ, ਡਾ. ਜਸਬੀਰ ਕੌਰ ਜੀ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਡਾ. ਜਾਗੀਰ ਸਿੰਘ ਚੰਡੀਗੜ੍ਹ, ਡਾ. ਯਸ਼ਪਾਲ ਸ਼ਰਮਾ, ਪ੍ਰੋ. ਕੰਵਲਜੀਤ ਸਿੰਘ ਆਦਿ ਸਿੱਖ ਪੰਥ ਦੇ ਉਚਕੋਟੀ ਦੇ ਵਿਦਵਾਨਾਂ ਨੇ ਡਿਪਲੋਮਾ ਅਰੰਭ ਕਰਨ ਅਤੇ ਇਸ ਡਿਪਲੋਮੇ ਨੂੰ ਪੂਰਨ ਸਹਯੋਗ ਦੇਣ ਦਾ ਪ੍ਰਣ ਕੀਤਾ।

ਇਸ ਡਿਪਲੋਮੇ ਦੇ ਪਹਿਲੇ ਪੀ. ਸੀ. ਪੀ. (ਨਿਜੀ ਸੰਪਰਕ ਪ੍ਰੋਗਰਾਮ) ਕੈਂਪ ਨੂੰ ਲਾਉਣ ਜਾ ਰਹੇ ਸਾਡੀ 'ਗੁਰ ਸ਼ਬਦ ਸੰਗੀਤ ਅਕੈਡਮੀ' ਜਵੱਦੀ ਕਲਾਂ ਲੁਧਿਆਣਾ ਦੇ ਅੱਠ ਵਿਦਿਆਰਥੀ ਹੋਣ ਕਾਰਣ ਮਿੱਠਾ ਜਿਹਾ ਡਰ ਲੈ ਕੇ ਗੁਰਦੁਆਰਾ ਗੁਰੁ ਗਿਆਨ ਪ੍ਰਕਾਸ਼ ਸਾਹਿਬ ਤੋਂ ਪਟਿਆਲਾ ਯੂਨੀਵਰਸਿਟੀ ਵੱਲ ਰਵਾਨਾ ਹੋਏ। ਸਾਡੇ ਅੱਠਾਂ ਵਿਦਿਆਰਥੀਆਂ ਦੇ ਚਿਹਰੇ ਤੇ ਪ੍ਰਸੰਨਤਾ ਦੀ ਅਨੋਖੀ ਝਲਕ ਸਪਸ਼ਟ ਰੂਪ ਵਿਚ ਦਿਖਾਈ ਦੇ ਰਹੀ ਸੀ। ਤਕਰੀਬਨ ਦਸ ਕੁ ਵਜੇ ਅਸੀਂ ਪੱਤਰ-ਵਿਹਾਰ ਸਿੱਖਿਆ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਫਤਰ ਪਹੁੰਚ ਗਏ। ਸਾਡੇ ਤੋਂ ਪਹਿਲਾਂ ਵੀ ਗੁਰਮਤਿ ਸੰਗੀਤ ਦੇ ਕੁਝ ਵਿਦਿਆਰਥੀ ਉਥੇ ਪਹੁੰਚ ਚੁੱਕੇ ਸਨ, ਤੇ ਆਪਣੀ ਰਜਿਸਟ੍ਰੇਸ਼ਨ ਕਰਵਾ ਕੇ ਅਗਲੇ ਹੁਕਮ ਦੀ ਉਡੀਕ ਵਿਚ ਬੈਠੇ ਸਨ। ਗੁਰੂ ਬਖਸ਼ੀ ਫਤਹਿ ਦੀ ਸਾਂਝ ਕਰਦਿਆਂ ਅਸੀਂ ਸਿਧੇ ਡਾ. ਗੁਰਨਾਮ ਸਿੰਘ ਜੀ ਪਾਸ ਗਏ, ਉਹ ਬੜੇ ਪ੍ਰੇਮ ਨਾਲ ਸਾਨੂੰ ਮਿਲੇ ਤੇ ਸਾਨੂੰ ਵੀ ਰਜਿਸ਼ਟ੍ਰੇਸ਼ਨ ਕਰਾਉਣ ਲਈ ਕਿਹਾ।

ਉਪਰੋਕਤ ਸਾਰੀ ਕਾਰਵਾਈ ਪੂਰੀ ਕਰਕੇ ਡਿਪਲੋਮੇ ਦੇ ਸਮੂਹ ਵਿਦਿਆਰਥੀ ਤੇ ਅਧਿਆਪਕ ਕੈਂਪ ਦੀ ਆਰੰਭਤਾ ਦੀ ਅਰਦਾਸ ਲਈ ਯੂਨੀਵਰਸਿਟੀ ਵਿਖੇ ਬਣੇ ਗੁਰਦੁਆਰਾ ਸਾਹਿਬ ਵਿਖੇ ਆ ਗਏ। ਤਕਰੀਬਨ 11 ਕੁ ਵਜੇ ਆਰੰਭਤਾ ਦੀ ਅਰਦਾਸ ਹੋਈ, ਗੁਰੂ ਅਸੀਸ (ਹੁਕਮਨਾਮਾ) ਤੋਂ ਉਪਰੰਤ ਡਾ. ਗੁਰਨਾਮ ਸਿੰਘ ਜੀ ਜੋ ਕਿ ਇਕ ਤਰ੍ਹਾਂ ਨਾਲ ਇਸ ਡਿਪਲੋਮੇ ਦੇ ਕਰਤਾ ਧਰਤਾ ਹਨ, ਨੇ ਬੜੇ ਸ਼ਰਧਾ ਪ੍ਰੇਮ ਨਾਲ ਦਸਿਆ ਕਿ ਆਪਾਂ ਸਾਰਿਆਂ ਨੇ ਗੁਰੂ ਗੋਦ ਭਾਵ ਗੁਰਦੁਆਰੇ ਵਿਚ ਹੀ ਕਲਾਸਾਂ ਲਗਾਉਣੀਆਂ ਹਨ ਕਿਉਂਕਿ ਗੁਰੂ ਦੀ ਬਖਸ਼ਿਸ ਸਾਡੇ ਨਾਲ ਹੋਣੀ ਜ਼ਰੂਰੀ ਹੈ।

ਸਾਡੀ ਕਲਾਸ ਰੋਜ਼ਾਨਾ ਸਵੇਰੇ 9.00 ਵਜੇ ਆਰੰਭ ਹੋ ਕੇ ਸ਼ਾਮ 5.00 ਵਜੇ ਤੱਕ ਚਲਦੀ। ਵਿਦਵਾਨ ਅਧਿਆਪਕਾਂ ਨੇ ਸਿਖਿਆਰਥੀਆਂ ਨੂੰ ਨਿਯਮਬੱਧ ਗੁਰਮਤਿ ਸੰਗੀਤ ਦੀ ਜਾਣਕਾਰੀ ਦਿੱਤੀ, ਹਰ ਅਧਿਆਪਕ ਦੇ ਚਿਹਰੇ ਤੇ ਇੱਕ ਅਜੀਬ, ਅਲੌਕਿਕ ਖੁਸ਼ੀ ਸਾਫ਼ ਦਿਖਾਈ ਦੇ ਰਹੀ ਸੀ। ਜੇ ਇੱਕ ਅਧਿਆਪਕ ਸਿੱਖਿਆ ਦੇ ਰਹੇ ਸਨ ਤਾਂ ਦੂਸਰੇ ਅਧਿਆਪਕ ਸਾਡੇ ਵਾਂਗ ਸੰਗਤੀ ਰੂਪ ਵਿੱਚ ਬੈਠ ਕੇ ਬੜੇ ਪ੍ਰੇਮ, ਸ਼ਰਧਾ ਨਾਲ ਉਨ੍ਹਾਂ ਨੂੰ ਸੁਣ ਰਹੇ ਸਨ। ਸਵੇਰੇ 9 ਵਜੇ ਕਲਾਸ ਦੀ ਆਰੰਭਤਾ ਦਾ ਸਮਾਂ ਸੀ ਤਾਂ ਸਾਡੇ ਇਹ ਅਧਿਆਪਕ 8.30 ਵਜੇ ਹੀ ਪਹੁੰਚ ਜਾਂਦੇ ਤੇ ਸਾਨੂੰ ਪ੍ਰੇਰ ਕੇ ਸਮੇਂ ਸਿਰ ਕਲਾਸ ਆਰੰਭ ਕਰ ਦਿੰਦੇ, ਇੰਜ ਮਹਿਸੂਸ ਹੋ ਰਿਹਾ ਸੀ ਕਿ ਸਾਡਾ ਇੱਕ-ਇੱਕ ਮਿੰਟ ਲੇਟ ਹੋਣਾ ਇਨ੍ਹਾਂ ਨੂੰ ਕੁਝ ਗੁਆਚ ਰਿਹਾ ਲੱਗ ਰਿਹਾ ਸੀ।

ਇਸ ਪੂਰੇ ਸਮੇਂ ਵਿੱਚ ਦੋ ਵਾਰ ਚਾਹ ਛਕਾਈ ਜਾਂਦੀ ਤੇ ਦੁਪਹਿਰ ਇੱਕ ਘੰਟੇ ਲਈ ਪਰਸ਼ਾਦੇ ਦਾ ਸਮਾਂ ਹੁੰਦਾ।

ਕਲਾਸ ਸਮੇਂ ਸਿਲੇਬਸ ਦੇ ਨਿਰਧਾਰਿਤ ਰਾਗਾਂ ਵਿੱਚ ਜਦੋਂ ਸਾਰੇ ਸਿਖਿਆਰਥੀ ਦਿਲਖਿਚਵੀਆਂ ਅਵਾਜ਼ਾਂ ਵਿੱਚ ਕੀਰਤਨ ਕਰਦੇ ਤਾਂ ਉਸ ਸਮੇਂ ਇੱਕ ਨਿਵੇਕਲਾ ਹੀ ਮਾਹੌਲ ਸਿਰਜਿਆ ਜਾਂਦਾ।

ਇਨ੍ਹਾਂ ਆਨੰਦਿਤ ਪਲਾਂ ਵਿੱਚ ਕਈ ਵਾਰ ਬਾਹਰ ਲੰਗਰ ਵਿੱਚ ਤਿਆਰ ਹੋ ਚੁੱਕੀ ਚਾਹ ਵੀ ਗੁਰਮਤਿ ਸੰਗੀਤ ਦੇ ਸਿਖਿਆਰਥੀਆਂ ਅੰਦਰ ਸਮੋ ਜਾਣ ਲਈ ਤੱਤਪਰ ਜਾਪਦੀ। ਡਾ. ਜਸਬੀਰ ਕੌਰ ਜੀ ਆ ਕੇ ਉਚਿਤ ਸਮਾਂ ਦੇਖ ਕੇ 'ਚਾਹ ਦਾ ਲੰਗਰ ਤਿਆਰ ਹੈ ਜੀ' ਦੀ ਅਵਾਜ਼ ਦੇਂਦੇ, ਡਾ. ਜਸਬੀਰ ਕੌਰ ਜੀ ਦਾ ਰੋਜ਼ਾਨਾ ਆਪਣੇ ਹੱਥੀਂ ਸਾਰਿਆਂ ਲਈ ਚਾਹ ਤਿਆਰ ਕਰਨਾ ਤੇ ਮਠਿਆਈ ਆਦਿ ਲਿਆ ਕੇ ਵਰਤਾਉਣਾ ਉਨ੍ਹਾਂ ਦੀ ਗੁਰਮਤਿ ਸੰਗੀਤ ਪ੍ਰਤੀ ਇੱਕ ਜਾਗਰੂਕਤਾ ਸੋਚ ਜਾਪਦੀ। ਸੇਵਾ, ਪਿਆਰ, ਲਗਨ, ਉਤਸ਼ਾਹ, ਉਨ੍ਹਾਂ ਦੇ ਚਿਹਰੇ ਤੋਂ ਸਾਫ਼ ਝਲਕਦਾ। ਗੁਰਦੁਆਰਾ ਸਾਹਿਬ ਦੇ ਪ੍ਰਮੁੱਖ ਮੈਂਬਰ ਹੋਣ ਨਾਤੇ ਉਨ੍ਹਾਂ ਨੇ ਵਿਦਿਆਰਥੀਆਂ ਲਈ ਬਿਸਤਰੇ ਆਦਿ ਦਾ ਭੇਟਾ ਰਹਿਤ ਪ੍ਰਬੰਧ ਕੀਤਾ ਤੇ ਹਰ ਤਰ੍ਹਾਂ ਦਾ ਪੂਰਨ ਸਹਿਯੋਗ ਦੇ ਕੇ ਵਿਦਿਆਰਥੀਆਂ ਪ੍ਰਤੀ ਆਪਣੀ ਸ਼ਰਧਾ ਹੋਰ ਵਧਾਈ। ਗੁਰਦੁਆਰਾ ਸਾਹਿਬ ਦੇ ਬਾਬਾ ਜੀ ਤੇ ਸਮੂਹ ਮੈਬਰਾਂ ਨੇ ਵੱਧ ਚੜ੍ਹ ਕੇ ਇਹ ਮਹਾਨ ਕਾਰਜ ਲਈ ਆਪਣਾ ਯੋਗਦਾਨ ਪਾਇਆ।

ਏਸੇ ਤਰ੍ਹਾਂ ਪ੍ਰਿੰ: ਸ਼ਮਸ਼ੇਰ ਸਿੰਘ ਜੀ ਕਰੀਰ ਭਾਰਤੀ ਸੰਗੀਤ ਦੀ ਕਲਾਸ ਲੈਂਦਿਆਂ ਸਾਨੂੰ ਅਜਿਹੀਆਂ ਡੂੰਘੀਆਂ ਤੈਹਾਂ ਤੱਕ ਲੈ ਗਏ, ਜਿਥੇ ਪੁਸਤਕਾਂ ਦਾ ਗਿਆਨ ਅਧੂਰਾ ਜਾਪਦਾ ਸੀ। ਬਿਲਕੁਲ ਸੱਚ ਕਿ ਅਜਿਹੀਆਂ ਡੂੰਘੀਆਂ ਸੰਗੀਤਕ ਛੋਹਾਂ ਸ਼ਾਇਦ

ਸਾਨੂੰ ਕਈ ਸਾਲਾਂ ਤੱਕ ਨਸੀਬ ਨਾ ਹੁੰਦੀਆਂ, ਉਨ੍ਹਾਂ ਅੰਦਰ ਆਪਣੀ ਤਰਫੋਂ ਸਾਨੂੰ ਗੁਰਮਤਿ ਫਿਲਾਸਫ਼ੀ ਦਾ ਪੂਰਾ ਗਿਆਨ ਦੇ ਦੇਣ ਦਾ ਵਲਵਲਾ ਉਠਦਾ ਮਹਿਸੂਸ ਹੋ ਰਿਹਾ ਸੀ।

ਡਾ. ਯਸ਼ਪਾਲ ਸ਼ਰਮਾ ਜੀ, ਜਿਹਨਾਂ ਬਾਰੇ ਡਾ. ਗੁਰਨਾਮ ਸਿੰਘ ਜੀ ਨੇ ਦਸਿਆ ਕਿ ਇਹਨਾਂ ਪਾਸੋਂ ਸੰਗੀਤਕ ਗਿਆਨ ਲੈਣ ਲਈ ਵਿਦਿਆਰਥੀਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ ਤੇ ਸ਼ਾਇਦ ਇੱਕ ਮਹੀਨੇ ਵਿੱਚ 2-3 ਦਿਨ ਦਾ ਸਮਾਂ ਹੀ ਮਿਲ ਸਕਦਾ ਹੈ। ਇਹ ਬਹੁਤ ਹੀ ਰੁਝੇ ਹੋਏ ਪੰਜਾਬ ਦੇ ਮਹਾਨ ਸੰਗੀਤਕ ਵਿਦਵਾਨ ਹਨ, ਪਰ ਇਨ੍ਹਾਂ ਦਾ ਸਾਡੇ ਸਿਖਿਆਰਥੀਆਂ ਪ੍ਰਤੀ ਦਰਸਾਇਆ ਗਿਆ ਪਿਆਰ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਇਨ੍ਹਾਂ ਅੰਦਰ ਵੀ ਗੁਰਮਤਿ ਸੰਗੀਤ ਨੂੰ ਸੰਭਾਲਣ ਲਈ ਕਿੰਨਾਂ ਦਰਦ ਹੋਵੇਗਾ ਤੇ ਇਹਨਾਂ ਨੇ ਗੁਰਮਤਿ ਸਿਖਿਆਰਥੀਆਂ ਨੂੰ ਖੁਲ੍ਹਾ ਸੱਦਾ ਦਿੱਤਾ ਕਿ ਤੁਸੀਂ ਕਦੀਂ ਵੀ ਮੇਰੇ ਪਾਸ ਆ ਸਕਦੇ ਹੋ।

ਏਸੇ ਲੜੀ ਅਧੀਨ ਡਾ. ਜਸਬੀਰ ਕੌਰ ਜੀ ਨੇ ਪਾਠਕ੍ਰਮ ਦੇ ਸਿਲੇਬਸ ਵਿਚੋਂ ਰਾਗ ਬਿਲਾਵਲ ਤੇ ਗੁਰਮਤਿ ਟਕਸਾਲਾਂ ਦਾ ਸਰੂਪ ਸਿਧਾਂਤ ਕੁੱਝ ਇਸ ਤਰ੍ਹਾਂ ਸਮਝਾਇਆ ਕਿ ਉਸ ਦੀ ਗੂੰਜ ਹਾਲੇ ਵੀ ਸਾਡੇ ਦਿਲੋਂ-ਦਿਮਾਗ ਵਿੱਚ ਪੂਰੀ ਤਰ੍ਹਾਂ ਛਾਈ ਹੋਈ ਹੈ। ਗੁਰਮਤਿ ਟਕਸਾਲਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇਣਾ ਉਨ੍ਹਾਂ ਵਲੋਂ ਗੁਰਮਤਿ ਸੰਗੀਤ ਪ੍ਰਤੀ ਕੀਤੀ ਮਿਹਨਤ ਉਜਾਗਰ ਹੁੰਦੀ ਹੈ।

ਡਾ. ਦਵਿੰਦਰ ਕੌਰ ਜੀ ਨੇ ਗੁਰਮਤਿ ਸੰਗੀਤ ਵਿੱਚ ਵਰਤੀ ਦੇ ਸਾਜਾਂ ਬਾਰੇ ਬੜੇ ਸੁੱਚਜੇ ਢੰਗ ਨਾਲ ਖੋਜ ਪੂਰਵਕ ਢੰਗ ਨਾਲ ਜਾਣਕਾਰੀ ਦੇ ਕੇ ਗੁਰਮਤਿ ਸੰਗੀਤ ਪ੍ਰਤੀ ਆਪਣੀ ਸ਼ਰਧਾ ਦੇ ਫੁਲ ਚੜ੍ਹਾਏ।

ਇਨ੍ਹਾਂ ਸਾਰਿਆਂ ਨਾਲ ਮੈਂ ਤਬਲੇ ਦੀ ਸੰਗਤ ਕਰਨ ਲਈ ਪ੍ਰੋ. ਕੰਵਲਜੀਤ ਸਿੰਘ ਜੀ ਦੀ ਲਗਨ ਪ੍ਰਤੀ ਲਿਖਣ ਲਈ ਸੰਕੋਚ ਨਹੀਂ ਕਰਾਂਗਾ। ਹਰ ਉਸਤਾਦ ਅਧਿਆਪਕ ਨਾਲ ਸਵੇਰ ਤੋਂ ਸ਼ਾਮ ਤੱਕ ਤਬਲੇ ਦੀ ਸੰਗਤ ਕਰਦਿਆਂ ਇਨ੍ਹਾਂ ਦੇ ਹਸਮੁਖੀ ਚਿਹਰੇ ਤੇ ਥਕਾਵਟ ਨਹੀਂ ਵੇਖੀ ਗਈ। ਸਾਨੂੰ ਹਰ ਸਮੇਂ ਆਪਣੇ ਨਾਲ ਤੋਰਦੇ ਗੁਰਮਤਿ ਸੰਗੀਤ ਪ੍ਰਤੀ ਆਪਣਾ ਸਨੇਹ ਪ੍ਰਗਟ ਕਰ ਰਹੇ ਸਨ।

ਪ੍ਰੋ. ਜਬਰਜੰਗ ਸਿੰਘ ਜੀ, ਡਾ. ਦਰਸ਼ਨ ਸਿੰਘ ਜੀ ਸਾਡੇ ਨਾਲ ਡਿਪਲੋਮੇ ਦੇ ਸਿਖਿਆਰਥੀ ਬਣ ਕੇ ਕਦਮ ਨਾਲ ਕਦਮ ਮਿਲਾ ਕੇ ਚਲ ਰਹੇ ਸਨ। ਅੰਮ੍ਰਿਤ ਕੀਰਤਨ ਟ੍ਰਸਟ ਦੇ ਮੈਂਬਰ ਤੇ ਗੁਰਮਤਿ ਸੰਗੀਤ ਦੇ ਵਿਦਿਆਰਥੀ ਸ੍. ਹਰਭਜਨ ਸਿੰਘ ਜੀ ਦਾ ਮਿੱਠਾ ਪਿਆਰਾ ਵਰਤਾਉ ਪੀ. ਸੀ. ਪੀ. ਦਾ ਖਾਸ ਆਕਰਸ਼ਣ ਸੀ।

ਸਾਰੇ ਅਰਸੇ ਦੌਰਾਨ ਡਾ. ਗੁਰਨਾਮ ਸਿੰਘ ਜੀ ਸਵੇਰੇ ਤੋਂ ਸ਼ਾਮ ਤੱਕ ਮੌਜੂਦ ਰਹਿੰਦੇ। ਹਰ ਸਿਖਿਆਰਥੀ ਨੂੰ ਪ੍ਰੋਤਸ਼ਾਹਿਤ ਕਰਕੇ ਜ਼ਿਆਦਾ ਮਿਹਨਤ ਕਰਨ ਦੀ ਪ੍ਰੇਰਨਾ ਦੇਣਾ ਇਹਨਾਂ ਦਾ ਨਿੱਤ ਦਾ ਕਰਮ ਸੀ, ਹਰ ਤਰ੍ਹਾਂ ਦੇ ਸਵਾਲ ਦਾ ਜਵਾਬ ਇਹ ਬਹੁਤ ਹੀ ਪ੍ਰੇਮ ਨਾਲ ਦੇ ਰਹੇ ਸਨ। ਲਗਾਤਾਰ ਸਵੇਰ ਤੋਂ ਸ਼ਾਮ ਤੱਕ ਗੁਰਮਤਿ ਸੰਗੀਤ ਦੀ ਜਾਣਕਾਰੀ ਦਿੰਦਿਆਂ ਇਨ੍ਹਾਂ ਦੇ ਪ੍ਰਭਾਵਸ਼ਾਲੀ ਚਿਹਰੇ ਤੇ ਸ਼ਿਕਨ ਜਾਂ ਬੇਚੈਨੀ ਨਹੀਂ ਦੇਖੀ ਗਈ। ਮੈਂ ਵੇਖਿਆ ਕਿ ਡਿਪਲੋਮੇ ਦਾ ਹਰ ਸਿਖਿਆਰਥੀ ਇਹਨਾਂ ਪਾਸ ਇੱਕ ਅਨੋਖੇ ਚਾਅ ਅਨੁਸਾਰ ਮਲ੍ਹਾਰ, ਅਨੰਦ ਨਾਲ ਸਿੱਖਦਾ ਹੀ ਨਜ਼ਰ ਆਇਆ।

18.7.98 ਦਿਨ ਸ਼ਨੀਵਾਰ, ਅੱਜ ਪੀ. ਸੀ. ਪੀ. ਦਾ ਆਖਰੀ ਦਿਨ ਹੈ ਸਮੂਹ ਅਧਿਆਪਕਾ, ਗੁਰਮਤਿ ਸੰਗੀਤ ਸਿਖਿਆਰਥੀਆਂ ਦੇ ਚਿਹਰੇ ਤੇ ਅਜੀਬ ਸੰਤੁਸ਼ਟੀ ਤੇ ਨਾਲ ਥੋੜੀ ਉਦਾਸੀ ਸਾਫ਼ ਝਲਕ ਰਹੀ ਸੀ। ਸਿਖਿਆਰਥੀ ਸੰਤੁਸ਼ਟ ਤਾਂ ਸੀ ਕਿ ਜੋ ਸ਼ੁਰੂ ਵਿੱਚ ਮਿੱਠਾ ਭੈ (ਡਰ) ਲੈ ਕੇ ਤੁਰੇ ਸੀ, ਉਸ 'ਭੈ' ਨੂੰ ਭਾਉ (ਪਿਆਰ) ਵਿੱਚ ਬਦਲਿਆ ਦੇਖ ਰਹੇ ਸੀ ਤੇ ਉਦਾਸ ਇਸ ਲਈ ਕਿ ਗੁਰਮਤ ਸੰਗੀਤ ਦੇ ਅਮੀਰ ਵਿਰਸੇ ਨੂੰ ਸਾਂਭਣ ਲਈ ਵਚਨਬੱਧ ਇਕ ਪਰਿਵਾਰ ਰੂਪੀ ਹੋਏ ਅਧਿਆਪਕ ਤੇ ਵਿਦਿਆਰਥੀ ਅੱਜ ਆਪਣੇ ਘਰਾਂ ਨੂੰ ਵਾਪਸ ਜਾ ਰਹੇ ਸਨ।

ਖ਼ੈਰ ਆਰੰਭਤਾ ਵਾਂਗ ਗੁਰੂ ਪਾਸੋਂ ਛੁੱਟੀ ਵੀ ਲੈਣੀ ਸੀ। ਗੁਰੂ ਗੋਦ ਵਿੱਚ ਡਾ. ਗੁਰਨਾਮ ਸਿੰਘ ਜੀ ਨੇ ਸਮੂਹ ਵਿਦਿਆਰਥੀਆਂ ਨਾਲ ਮਿਲ ਕੇ ਕੀਰਤਨ ਕੀਤਾ, ਰਾਮਕਾਲੀ ਰਾਗ ਵਿੱਚ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਕੀਰਤਨ ਹੋਇਆ। ਅਰਦਾਸ ਗੁਰੂ ਅਸੀਸ (ਹੁਕਮਨਾਮਾ) ਤੋਂ ਬਾਅਦ ਗੁਰੂ ਸਾਹਿਬਾਂ ਨੇ ਛੁਟੀਆਂ ਬਖਸ਼ੀਆਂ। ਸਮਾਪਤੀ ਸਮੇਂ ਸਮੂਹ ਅਧਿਆਪਕਾਂ, ਸਿਖਿਆਰਥੀਆਂ, ਸੰਗਤਾਂ ਦੇ ਨਾਲ ਪੱਤਰ-ਵਿਹਾਰ ਵਿਭਾਗ ਦੇ ਮੁੱਖੀ ਜਸਮੇਲ ਸਿੰਘ ਜੀ ਬਰਾੜ ਪ੍ਰੇਮ ਪਿਆਰ ਸਾਂਝਾ ਕਰਨ ਲਈ ਹਾਜ਼ਰ ਹੋਏ ਤੇ ਇਸ ਮੌਕੇ ਤੇ ਅਧਿਆਪਕਾਂ, ਸਿਖਿਆਰਥੀਆਂ ਨੇ ਪ੍ਰਣ ਕੀਤਾ ਕਿ ਗੁਰਮਤਿ ਸੰਗੀਤ ਦੇ ਇਸ ਅਮੁੱਲ ਖਜ਼ਾਨੇ ਨੂੰ ਸਾਂਭਣ ਲਈ ਅਸੀਂ ਤਨ-ਮਨ-ਧਨ ਨਾਲ ਪੂਰਾ ਸਹਿਯੋਗ ਦਿਆਂਗੇ। ਤਕਰੀਬਨ ਹਰ ਅਧਿਆਪਕ ਤੇ ਵਿਦਿਆਰਥੀ ਨੇ ਆਪਣੇ ਖਰਚ ਤੇ ਇੱਕ ਗਰੀਬ ਵਿਦਿਆਰਥੀ ਨੂੰ ਇਸ ਡਿਪਲੋਮੇ ਵਿੱਚ ਦਾਖਲਾ ਦਿਵਾਉਣ ਦਾ ਪ੍ਰਣ ਕੀਤਾ ਤੇ ਨਾਲ ਹੀ ਮੈਂ ਉਨ੍ਹਾਂ ਟਕਸਾਲਾਂ, ਸੰਸਥਾਵਾਂ, ਦਾਨੀ ਪੁਰਸ਼ਾਂ, ਮਹਾਤਮਾਵਾਂ ਪਾਸੋਂ ਦਿਲੋਂ ਆਸ ਕਰਦਾ ਹਾਂ ਕਈ ਹੋਣਹਾਰ ਵਿਦਿਆਰਥੀ ਜੋ ਗਰੀਬੀ ਜਾਂ ਮਜ਼ਬੂਰੀ ਵੱਸ ਹੋ ਕੇ ਅਕਾਮਿਕ ਪੱਧਰ ਦੀ ਪੜ੍ਹਾਈ ਨਹੀਂ ਕਰ ਸਕਦੇ; ਇਸ ਗੁਰਮਤਿ ਸੰਗੀਤ ਦੀ ਅਮੁੱਲ ਸੰਪਤੀ ਨੂੰ ਸਾਂਭਣ ਲਈ ਪੂਰਨ ਸਹਿਯੋਗ ਦਿਉ ਤਾਂਕਿ ਗਰੀਬੀ ਜਾਂ ਮਜ਼ਬੂਰੀ ਵੱਸ ਹੋ ਕੇ ਇਹ ਵਿਦਿਆਰਥੀ ਕੇਵਲ ਰੋਜ਼ੀ ਰੋਟੀ ਨੂੰ ਹੀ ਆਪਣੇ ਜੀਵਨ ਦਾ ਅਧਾਰ ਨਾ ਸਮਝ ਲੈਣ।

ਸੁ ਅਖੀਰ ਵਿੱਚ ਮੈਂ ਇਹ ਹੀ ਕਹਾਂਗਾ ਕਿ ਗੁਰਮਤਿ ਡਿਪਲੋਮੇ ਦੇ ਹਰ ਵਿਦਿਆਰਥੀ ਅਗਲੇ ਪੀ. ਸੀ. ਪੀ. ਦੇ ਜਲਦੀ ਆਉਣ ਦੀ ਅਰਦਾਸ ਕਰਦੇ, ਗੁਰੂ ਕਿਰਪਾ ਸਦਕਾ ਸੂਝ-ਬੂਝ ਰੱਖਣ ਵਾਲੇ ਇਨ੍ਹਾਂ ਪੰਥ ਦਰਦੀ ਉਸਤਾਦਾਂ ਪ੍ਰਤੀ ਦਿਲੋਂ ਆਪਣੀ ਸ਼ਰਧਾ ਪ੍ਰਗਟਾਉਂਦੇ ਤੇ ਗੁਰਮਤਿ ਸੰਗੀਤ ਦੀ ਵਿਰਸੇ 'ਚੋਂ ਮਿਲੀ ਅਮੁੱਲ ਦਾਤ ਨੂੰ ਸਾਂਭਣ ਲਈ ਵਚਨ ਬੱਧ ਹੋ ਕੇ ਇੱਕ ਅਜਿਹੀ ਮੰਜ਼ਿਲ ਵੱਲ ਹੋ ਤੁਰੇ ਜਿਸ ਦਾ ਰਸਤਾ 'ਸੱਚ ਦਾ ਪੈਗਾਮ' ਬਣ ਸਮੂਚੀ ਲੁਕਾਈ ਲਈ ਸੁਖਦਾਈ ਹੋ ਨਿਬੜੇਗਾ ਇਹੀ ਅਰਦਾਸ, ਆਸ ਤੇ ਵਿਸ਼ਵਾਸ਼ ਹੈ।

(ਸੁਖਵੰਤ ਸਿੰਘ ਜਵੱਦੀ)
ਵਿਦਿਆਰਥੀ ਡਿਪਲੋਮਾ ਇਨ ਗੁਰਮਤਿ ਸੰਗੀਤ
ਰੋਲ ਨੰ: 1936

# ਪੁਸਤਕ ਚਰਚਾ

ਪੁਸਤਕ ਦਾ ਨਾਂ - ਸੁਣਿਐ ਦੂਖ ਪਾਪ ਕਾ ਨਾਸੁ
ਲੇਖਕ - ਜੋਗਿੰਦਰ ਸਿੰਘ ਸੇਠੀ
ਪੰਨੇ - 195
ਭੇਟਾ - 70 ਰੁਪਏ
ਪ੍ਰਕਾਸ਼ਕ - ਗੁਰੂ ਤੇਗ ਬਹਾਦਰ ਨਾਮ-ਸਿਮਰਨ ਫਾਊਂਡੇਸ਼ਨ, ਬੰਬਈ।

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਸਰਬੋਤਮ ਰਚਨਾ ਹੈ। ਗੁਰੂ ਜੀ ਨੇ ਆਪਣੀਆਂ ਚਾਰ ਉਦਾਸੀਆਂ ਮਗਰੋਂ, ਜ਼ਿੰਦਗੀ ਦੇ ਭਰਮਣ ਦਾ ਜੋ ਤੱਤ ਕੱਢਿਆ ਉਹ ਜਪੁਜੀ ਸਾਹਿਬ ਵਿੱਚ ਅੰਕਿਤ ਕਰ ਦਿੱਤਾ। ਜਪੁਜੀ ਦੇ ਸ਼ੁਰੂ ਵਿੱਚ ਹੀ ਮੂਲ ਮੰਤਰ ਤੋਂ ਬਾਅਦ ਗੁਰੂ ਜੀ ਨੇ ਇੱਕ ਸਵਾਲ ਖੜਾ ਕੀਤਾ ਹੈ ਕਿ, "ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ," ਭਾਵ ਸਾਡੇ ਅੰਦਰ ਬਣੀ ਕੂੜ ਦੀ ਕੰਧ ਕਿਵੇਂ ਟੁੱਟੇ ਅਤੇ ਪ੍ਰਭੂ ਦੇ ਨਾਮ ਸਿਮਰਨ ਦਾ ਪ੍ਰਕਾਸ਼ ਸਾਡੇ ਅੰਦਰ ਕਿਵੇਂ ਹੋਵੇ ? ਅਗੋਂ ਗੁਰੂ ਜੀ ਨੇ ਆਪ ਹੀ ਇਸਦਾ ਉਪਾਓ ਦੱਸਿਆ ਹੈ ਕਿ "ਹੁਕਮ ਰਜਾਈ ਚੱਲਣਾ, ਨਾਨਕ ਲਿਖਿਆ ਨਾਲਿ"। ਮਤਲਬ ਕਿ ਪ੍ਰਭੂ ਦੇ ਹੁਕਮ ਅਤੇ ਰਜ਼ਾ ਨੂੰ ਮੰਨ ਕੇ ਚੱਲਣ ਨਾਲ ਇਹ ਕੂੜ ਦਾ ਪਰਦਾ ਹਟ ਸਕਦਾ ਹੈ। ਜਦੋਂ ਕੂੜ ਦਾ ਪਰਦਾ ਹਟ ਗਿਆ ਤੇ ਮਨੁੱਖ ਸਚਿਆਰ ਬਣ ਗਿਆ। ਸਮੁੱਚੀ ਗੁਰਬਾਣੀ ਦਾ ਆਧਾਰ ਵੀ ਇਹੋ ਹੈ।

ਜਪੁਜੀ ਸਾਹਿਬ ਦੀ ਵਿਆਖਿਆ ਵੱਖ ਵੱਖ ਵਿਦਵਾਨਾਂ ਵੱਲੋਂ ਆਪੋ ਆਪਣੀ ਸੂਝ ਸਿਆਣਪ ਅਨੁਸਾਰ ਕੀਤੀ ਗਈ ਹੈ। ਹੋਰਨਾਂ ਵਿਦਵਾਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਸੇਠੀ ਹੁਰਾਂ ਦਾ ਇਸ ਪਾਸੇ ਵੱਲ ਵਿਸ਼ੇਸ਼ ਰੁਝਾਨ ਰਿਹਾ ਹੈ। ਉਹਨਾਂ ਨੇ ਲਗਭਗ ਪੰਦਰਾਂ ਪੁਸਤਕਾਂ ਗੁਰਮਤਿ ਦੀ ਵਿਆਖਿਆ ਹਿਤ ਭੇਂਟ ਕੀਤੀਆਂ ਹਨ। ਇਹਨਾਂ ਪੁਸਤਕਾਂ ਵਿੱਚ ਬਹੁਪਰਤੀ ਤੇ ਬਹੁਦਿਸ਼ਾਵੀ ਗਿਆਨ ਦਾ ਪ੍ਰਗਟਾਵਾਂ ਹੋਇਆ ਮਿਲਦਾ ਹੈ। ਇਹਨਾਂ ਪੁਸਤਕਾਂ ਵਿਚੋਂ ਸੇਠੀ ਸਾਹਿਬ ਨੇ ਇੱਕ ਪੁਸਤਕ ੧ਓ ਤੋਂ ਗੁਰ ਪ੍ਰਸਾਦਿ ਤੱਕ ਦੀ ਵਿਆਖਿਆ ਹਿਤ ਪੇਸ਼ ਕੀਤੀ ਹੈ। ਇਹ ਸਿੱਖੀ ਦਾ ਮੂਲ ਮੰਤਰ ਹੈ। ਮੂਲ ਮੰਤਰ ਮੁਢਲਾ ਉਪਦੇਸ਼ ਹੈ। ਮੂਲ ਨੂੰ ਸਮਝਣ ਤੇ ਪਛਾਨਣ ਤੋਂ ਬਿਨਾਂ ਗੱਲ ਨਹੀਂ ਬਣਦੀ। ਇਸੇ ਕਰਕੇ ਸੇਠੀ ਸਾਹਿਬ ਨੇ ਇੱਕ ਨਿਸ਼ਠਾਵਨ ਦੇ ਤੌਰ 'ਤੇ ਮੂਲ ਮੰਤਰ ਤੋਂ ਅੱਗੇਂ ਸਿਲਸਿਲੇਵਾਰ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਜਾਰੀ ਰੱਖਿਆ ਹੈ। ਇਸੇ ਪ੍ਰਸੰਗ ਵਿੱਚ ਹੱਥਲੀ ਪੁਸਤਕ ਵੀ ਮਾਰਗ ਦਰਸ਼ਕ ਦੇ ਰੂਪ ਵਿੱਚ ਸਾਡੇ ਤੱਕ ਪਹੁੰਚੀ ਹੈ।

ਇਸ ਪੁਸਤਕ ਵਿੱਚ ਜੋਗਿੰਦਰ ਸਿੰਘ ਸੇਠੀ ਨੇ ਜਪੁਜੀ ਸਾਹਿਬ ਦੀਆਂ ਚਾਰ ਪਉੜੀਆਂ ਦੀ ਭਾਵ ਪੂਰਤ ਵਿਆਖਿਆ ਕੀਤੀ ਹੈ। ਪੁਸਤਕ ਵਿੱਚ ਭਾਵੇਂ ਪਉੜੀ ਨੰਬਰ 8 ਤੋਂ 11 ਤੱਕ ਸੁਣਿਐ ਦੀਆਂ ਚਾਰ ਪਉੜੀਆਂ ਦਾ ਖੁਲਾਸਾ ਕੀਤਾ ਗਿਆ ਹੈ ਪ੍ਰੰਤੂ ਇਸ ਵਿੱਚ ਗੁਰਉਪਦੇਸ਼ ਦੇ ਮਹਾਨ ਮਾਰਗ ਨੂੰ ਸਮਝਣ ਅਤੇ ਸਮਝਾਵਣ ਹਿਤ ਇੱਕ ਨਵਾਂ ਨਰੋਆ ਯਤਨ ਹੋਇਆ ਨਜ਼ਰੀਂ ਪੈਂਦਾ ਹੈ।

ਇਸ ਪੁਸਤਕ ਦੀ ਵੱਖਰਤਾ ਤੇ ਵਡਿਆਈ ਇਸ ਪੱਖੋਂ ਵੀ ਹੈ ਕਿ ਇਸ ਵਿੱਚ ਵਿਆਖਿਆ ਦੀ ਅੱਗੋਂ ਹੋਰ ਸਰਲ ਸੰਖੇਪ ਵਿਆਖਿਆ ਹੋਈ ਮਿਲਦੀ ਹੈ। ਇਸ ਵਿਆਖਿਆ ਵਿੱਚ ਲੋਕ ਸਮਝ ਦੇ ਦਾਇਰੇ ਵਿੱਚੋਂ ਉਦਾਹਰਣਾਂ ਦੇ ਕੇ ਤੱਥਾਂ ਨੂੰ ਸਪਸ਼ਟ ਕਰਨ ਦਾ ਨਿਵੇਕਲਾ ਯਤਨ ਹੋਇਆ ਹੈ। ਸੁਣਿਐ ਦੀਆਂ ਚਾਰ ਪਉੜੀਆਂ ਦੀ ਵਿਆਖਿਆ ਰਾਹੀਂ ਲੇਖਕ ਨੇ ਪ੍ਰਮਾਤਮਾ ਦੇ ਹੁਕਮ ਨੂੰ ਸੁਣਨ ਤੇ ਜ਼ੋਰ ਦਿੱਤਾ ਹੈ। ਗੁਰਬਾਣੀ ਦੇ ਇਸ ਆਸ਼ੇ ਦੀ ਪੂਰਤਾ ਲਈ ਪ੍ਰਕਿਰਤੀ ਵਿੱਚ ਵਾਪਰ ਰਹੀਆਂ ਘਟਨਾਵਾਂ ਵੱਲ ਮਨੁੱਖ ਮਾਤ੍ਰ ਦਾ ਧਿਆਨ ਦੁਆਇਆ ਹੈ। ਪ੍ਰਭੂ ਦੇ ਅਗੰਮੀ ਹੁਕਮ ਨੂੰ ਸੁਣਨ ਵਾਲਿਆਂ ਵਿੱਚ ਸੂਰਜ, ਚੰਦਰਮਾ, ਧਰਤੀ, ਹਵਾ, ਅੱਗ, ਪਾਣੀ ਸਮੁੰਦਰ ਅਤੇ ਪਹਾੜਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸਾਰੇ ਯੁਗਾਂ ਯੁਗਾਂਤਰਾਂ ਤੋਂ ਪ੍ਰਭੂ ਦੇ ਹੁਕਮ ਨੂੰ ਸੁਣ ਮੰਨ ਕੇ ਅਨੁਸ਼ਾਸ਼ਨ ਵਿੱਚ ਰਹਿਕੇ ਆਪਣਾ ਕਰਮ ਕਰੀ ਜਾ ਰਹੇ ਹਨ। ਕਿਸੇ ਫਲ ਦੀ ਆਸ ਪ੍ਰਭੂ ਤੇ ਛੱਡੀ ਹੋਈ ਹੈ। ਇਹੋ ਜਿਹਾ ਪ੍ਰਭਾਵ ਭਾਵੇਂ ਗੀਤਾ ਉਪਦੇਸ਼ ਵਿੱਚ ਵੀ ਮਿਲਦਾ ਹੈ ਜਦੋਂ ਦੁਆਪਰ ਯੁਗ ਵਿੱਚ ਕ੍ਰਿਸ਼ਨ ਜੀ ਨੇ ਅਰਜਨ ਨੂੰ ਕੇਵਲ ਕਰਮ ਕਰਨ ਲਈ ਕਿਹਾ ਤੇ ਫਲ ਦੀ ਆਸ ਆਪਣੇ ਤੇ ਛੱਡਣ ਲਈ ਕਿਹਾ। ਸਮਕਾਲੀ ਸਮਿਆਂ ਵਿੱਚ ਵਾਪਰਦੀਆਂ ਘਟਨਾਵਾਂ ਅਤੇ ਚੌਗਿਰਦੇ ਦੇ ਵਿਹਾਰ ਨੂੰ ਸੇਠੀ ਸਾਹਿਬ ਨੇ ਪੌਰਾਣਿਕ ਹਵਾਲਿਆਂ ਦੇ ਪ੍ਰਸੰਗ ਵਿੱਚ ਨਵੀਨ ਅਰਥ ਦਿੱਤੇ ਹਨ। ਤਾਂ ਜੋ ਗੁਰਮਤਿ ਦੀ ਸਮਝ ਸੌਖੇ ਤਰੀਕੇ ਨਾਲ ਆਮ ਪਾਠਕ ਤੱਕ ਅਸਰ ਅੰਦਾਜ਼ ਹੋ ਸਕੇ।

ਸੁਣਨ ਦੀ ਪ੍ਰਕ੍ਰਿਆ ਦਾ ਵਿਗਿਆਨਕ ਤੇ ਮਨੋਵਿਗਿਆਨਿਕ ਵਿਸ਼ਲੇਸ਼ਣ ਵੀ ਨਵੀਂ ਸਮੱਗਰੀ ਅਤੇ ਸਮਕਾਲੀਨ ਅਰਥਾਂ ਵਿੱਚ ਪ੍ਰਸਤੁਤ ਹੋਇਆ ਹੈ। ਵਿਗਿਆਨਿਕ ਤੌਰ ਤੇ ਦਲੀਲ ਦਿੰਦੇ ਹੋਏ ਉਹ ਦੱਸਦੇ ਹਨ ਕਿ ਜਿਹਨਾਂ ਨੇ ਨਿਸ਼ਠਾ ਕੀਤੀ, ਆਪਣੇ ਨਿਸ਼ਾਨੇ ਤੇ ਧਿਆਨ ਧਰਿਆ, ਉਨ੍ਹਾਂ ਨੂੰ ਉਸ ਬਾਰੇ ਗਿਆਨ ਮਿਲ ਗਿਆ। ਇਸ ਵਿੱਚ ਕਿਸੇ ਹੋਰ ਨੇ ਉਨ੍ਹਾਂ ਦੀ ਮਦਦ ਨਹੀਂ ਕੀਤੀ ਹੁੰਦੀ। ਜਦੋਂ ਗਲਿਲੀਓ ਨੇ ਕਿਹਾ ਕਿ ਸੂਰਜ ਨਹੀਂ ਘੁੰਮਦਾ ਧਰਤੀ ਘੁੰਮਦੀ ਹੈ ਤਾਂ ਇਸ ਦਾ ਗਿਆਨ ਉਸ ਨੂੰ ਕਿਸ ਗੁਰੂ ਨੇ ਦਿੱਤਾ, ਵਾਹਿਗੁਰੂ ਤੋਂ ਬਿਨਾਂ।

ਇਸ ਪੁਸਤਕ ਵਿੱਚ ਵਿਚਾਰੇ ਗਏ ਸ਼ਬਦ 'ਸੁਣਨ' ਨੂੰ ਸੁਨਣ ਕਰਕੇ ਲਿਖਿਆ ਹੋਇਆ ਹੈ ਜੋ ਸ਼ਬਦਾਵਲੀ ਪੱਖੋਂ ਠੀਕ ਨਹੀਂ ਹੈ। ਇਸੇ ਤਰ੍ਹਾਂ ਟਾਈਟਲ-1 ਤੇ ਤਸਵੀਰ ਵਿੱਚ ਜੋ ਕੰਨ ਦਾ ਪ੍ਰਭਾਵ ਦਿੱਤਾ ਗਿਆ ਹੈ ਉਹ ਪੁਸਤਕ ਅੰਦਰਲੇ ਵਿਚਾਰਾਂ ਨਾਲ ਮੇਲ ਨਹੀਂ ਖਾਂਦਾ। ਅਨਹਦ ਨਾਦ ਤਾਂ ਆਤਮਾ ਰਾਹੀਂ ਸੁਣਿਆਂ ਜਾ ਸਕਦਾ ਹੈ। ਜਿਸਦੀ ਕੋਈ ਸ਼ਕਲ ਆਦਿ ਨਹੀਂ ਬਣਾਈ ਜਾ ਸਕਦੀ। ਪਹਾੜਾਂ, ਦਰਿਆਵਾਂ ਦੇ ਹੁਕਮ ਦੇ ਸੁਣਨ ਵਾਲੀ ਗੱਲ ਵੀ ਕੰਨਾਂ ਰਾਹੀਂ ਸੰਭਵ ਨਹੀਂ। ਇਹ ਸਾਰਾ ਵਰਤਾਰਾ ਇੰਦਰਿਆਵੀ ਨਹੀਂ। ਇਹ ਸਾਰਾ ਵਰਤਾਰਾ ਪਾਰ-ਇੰਦਰਿਆਵੀ ਹੈ। ਲੇਖਕ ਵੀ ਇਸ ਬਾਰੇ ਚੇਤੰਨ ਤਾਂ ਹੈ ਪਰ ਇਹ ਚੇਤੰਨਤਾ ਸਹਿਜ ਭਾਵੀ ਨਹੀਂ। ਇਸੇ ਕਰਕੇ ਲੇਖਕ ਦੀ ਸਹਿਜ ਚੇਤਨਾਂ ਵਿੱਚੋਂ ਕੰਨ ਰੂਪੀ ਇੰਦਰੀ ਕਵਰ ਪੰਨੇ ਤੇ ਆ ਜਾਂਦੀ ਹੈ।

ਗੁਣਾਂ ਦੋਸ਼ਾਂ ਦੇ ਝਮੇਲੇ ਤੋਂ ਉਪਰ ਉੱਠ ਕੇ ਇਹ ਕਿਹਾ ਜਾ ਸਕਦਾ ਹੈ ਕਿ ਜੋਗਿੰਦਰ ਸਿੰਘ ਸੇਠੀ ਦੀ ਇਹ ਪੁਸਤਕ ਬਹੁਤ ਵੱਡੇ ਗਿਆਨ ਨੂੰ ਸਮੋਈ ਗੁਰਬਾਣੀ ਦੇ ਆਸ਼ੇ ਨੂੰ ਪ੍ਰਚਾਰਨ ਲਈ ਗੁਰੂ ਪੰਥ ਨੂੰ ਸਮਰਪਿਤ ਹੈ।

*ਰੀਵਿਊਕਾਰ ਡਾ. ਗੁਰਮੀਤ ਸਿੰਘ ਬੈਦਵਾਣ*

---

* ਪਿੰਡ ਬਾਸੀਆਂ ਬੈਦਵਾਣ (ਫਤਹਿਗੜ੍ਹ ਸਾਹਿਬ)

# ਸੁਰ ਲਿਪੀ-ਰਾਗ ਤਿਲੰਗ

## ਡਾ: ਗੁਰਨਾਮ ਸਿੰਘ*

ਆਰੋਹ : ਸ ਗ ਮ ਪ ਨ ਸਂ ॥ ਅਵਰੋਹ : ਸਂ ਨੁ ਪ ਮ ਗ ਸ॥
ਸੁਰ : ਰੇ ਤੇ ਧ ਵਰਜਿਤ, ਦੋਵੇਂ ਨਿਸ਼ਾਦ। ਬਾਕੀ ਸਾਰੇ ਸ਼ੁਧ ਸੁਰ॥
ਥਾਟ : ਖਮਾਜ ॥ ਜਾਤੀ-ਔਡਵ-ਔਡਵ॥ ਸਮਾਂ : ਦਿਨ ਦਾ ਤੀਸਰਾ ਪਹਿਰ
ਵਾਦੀ : ਗ। ਸੰਵਾਦੀ : ਨ॥ ਮੁਖ ਅੰਗ ਨ਼ ਸ ਗ ਮ ਪ, ਨੁ ਪ, ਗ ਮ ਗ, ਸ॥
ਸੁਰ ਵਿਸਥਾਰ : ਸ ਗ, ਗ ਮ ਪ, ਨੁ ਗ ਮ ਗ, ਨੁ ਨੁ ਪ, ਗ ਮ ਪ, ਨ ਸਂ, ਸਂ ਨੁ ਨੁ ਪ, ਗ ਮ ਗ, ਪ ਗ ਮ ਗ, ਸ॥

**ਸਥਾਈ** ਤਾਲ : ਰੂਪਕ

| x | | | 2 | | 3 | | x | | | 2 | | 3 | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸ | ਗ | ਗ | ਗ | - | ਮ | ਗ | ਮ | ਪ | ਪ | ਪ | - | - | - |
| ਜਾ | s | ਗ | ਲੇ | s | ਹੁ | s | ਰੇ | s | ਮ | ਨਾ | s | s | s |
| ਪ | ਗ | ਮ | ਗ | - | ਗ | - | ਗ | ਮ | ਪ | ਨ | - | ਸਂ | ਸਂ |
| ਜਾ | s | ਗ | ਲੇ | s | ਹੁ | s | ਕ | s | ਹਾ | ਗਾ | s | ਫ | ਲ |
| ਸਂ | ਨੁ | ਪ | ਮ | - | ਗ | - | ਗ | ਮ | ਪ | ਨ | ਨ | ਨ | ਨ |
| ਸੋ | s | s | ਇਆ | s | s | s | ਜੋ | ਤ | ਨ | ਉ | ਪ | ਜਿ | ਆ |
| ਸਂ | - | ਨ | ਸਂ | - | - | - | ਸਂ | ਨੁ | ਪ | ਪ | - | ਪ | ਪ |
| ਸੰ | s | ਗ | ਹੀ | s | s | s | ਸੋ | s | ਭੀ | ਸੰ | s | ਗਿ | ਨੰ |
| ਪ | ਗ | ਮ | ਗ | - | - | - | | | | | | | |
| ਹੋ | s | s | ਇਆ | s | s | s | | | | | | | |

**ਅੰਤਰਾ**

| | | | | | | | | | | | | | |
|---|---|---|---|---|---|---|---|---|---|---|---|---|---|
| ਗਮ | ਪ | ਨ | ਨ | - | - | - | ਨ | ਸਂ | ਨ | ਸਂ | - | ਸਂ | - |
| ਮਾ | ਤ | ਪਿ | ਤਾ | s | s | s | ਸੁਤ | ਬੰ | ਧ | ਜ | s | ਨ | s |
| - | - | ਸਂਸਂ | ਨੁ | ਪ | ਪ | ਪ | ਪ | ਗ | ਮ | ਗ | - | - | - |
| s | s | ਹਿਤ | ਜਾ | s | ਸਿਉ | ਉ | ਕੀ | s | s | ਨਾ | s | s | s |
| ਗਮ | ਪ | ਨ | ਨ | - | - | - | ਨ- | ਸਂ | ਨ | ਸਂ | - | - | - |
| ਜੀਉ | ਛੁ | ਟਿ | ਓ | s | s | s | ਜਬ | ਦੇ | ਹ | ਤੇ | s | s | s |
| s | ਸਂਸਂ | ਸਂ | ਨੁ | ਪ | ਪ | - | ਪ | ਗ | ਮ | ਗ | - | - | - |
| s | ਡਾਰਿ | ਅ | ਗ | ਨਿ | ਮੈ | s | ਦੀ | s | s | ਨਾ | s | s | s |

* ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸੁਰ ਲਿਪੀ-ਰਾਗ ਬਿਲਾਵਲ

## ਪ੍ਰਿੰਸੀਪਲ ਜਸਵੰਤ ਸਿੰਘ*

ਥਾਟ : ਬਿਲਾਵਲ। ਸਵਰ : ਸਾਰੇ ਸ਼ੁੱਧ
ਜਾਤੀ : ਸੰਪੂਰਨ ਸੰਪੂਰਨ/ਵਾਦੀ ਧ ਸੰਵਾਦੀ ਗ।
ਸਮਾ : ਦਿਨ ਦਾ ਦੂਜਾ ਪਹਿਰ
ਆਰੋਹ : ਸ, ਰੇ ਗ, ਮ ਪ, ਧਾ, ਨੀ ਸਂ।
ਅਵਰੋਹ : ਸਂ ਨੀ ਧ, ਪ, ਮ ਗ, ਰੇ ਸ।
ਪਕੜ : ਗ ਰ, ਗ ਪ ਧ ਪ, ਮ ਗ, ਮ ਰ ਸ।

| X | | | O | | | X ਦਾਦਰਾ | | | O | | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| 1 | 2 | 3 | 4 | 5 | 6 | 1 | 2 | 3 | 4 | 5 | 6 |
| ਸਂਸਂ | ਧ | ਪ | ਮਗ | ਮ | ਰ | ਗਮ | ਪ | ਗ | ਮਰੇ | ਸ | ਸ |
| ਸ਼ਾਂs | ਤਿ | ਪਾ | ਈs | ਗੁ | ਰਿ | ਸਤਿ | ਗੁ | ਰਿ | ਪੂs | ਰੇ | s |
| ਗਗ | ਮ | ਰੇ | ਗਪ | ਨੀ | ਨੀ | ਸਂਸਂ | ਰਂ | ਸਂ | ਨੀਧ | ਪ | ਪ |
| ਸੁਖ | ਉ | ਪ | ਜੇs | ਬਾ | ਜੇ | ਅਨ | ਹ | ਦ | ਤੂs | ਰੇ | s |
| **ਅੰਤਰਾ** | | | | | | | | | | | |
| ਪਪ | ਪ | ਪ | ਸਂਸਂ | ਸਂ | ਸਂ | ਸਂਸਂ | ਸਂ | ਸਂ | ਸਂਰੇਂ | ਸਂ | ਸਂ |
| ਤਾs | ਪ | ਪਾ | sਪ | ਸੰ | s | ਤਾs | ਪ | ਬਿ | ਨਾs | ਸੇ | s |
| ਸਂਸਂ | ਗਂ | ਮਂ | ਗਂਰੇਂ | ਸਂ | ਨ਼ੀ | ਧਨੀ | ਸਂ | ਨੀ | ਧਪ | ਮ | ਗ |
| ਹਰਿ | ਸਿ | ਮ | ਰਤ | ਕਿ | ਲ | ਵਿਖ | ਸ | ਭਿ | ਨਾs | ਸੇ | s |

* ਭਾਈ ਮਰਦਾਨਾ ਗੁਰਮਤਿ ਸੰਗੀਤ ਅਕੈਡਮੀ, 229, ਸੰਤ ਨਗਰ, ਗੁਰਦਾਸਪੁਰ

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ
ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ**
(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ: 5707096

**ਤਿੰਨ ਅਨਮੋਲ ਪੁਸਤਕਾਂ**

1. ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
2. ਗੁਰਮਤਿ ਸੰਗੀਤ ਵਿਸ਼ੇਸ਼ ਅੰਕ
3. ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

ਕੇਵਲ ਸੌ ਰੁਪਏ ਵਿੱਚ
ਡਾਕ ਖਰਚ ਸਮੇਤ
ਅੰਮ੍ਰਿਤ ਕੀਰਤਨ ਟ੍ਰਸਟ
422 ਸੈਕਟਰ 15 ਏ, ਚੰਡੀਗੜ੍ਹ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| | | |
|---|---|---|
| ਤਿਲੰਗ ਮਹਲ ੯।। | Tillang 9th Guru. | ਤਿਲੰਗ ਨੌਵੀਂ ਪਾਤਿਸ਼ਾਹੀ। |
| ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ।। | Be wakeful, O man, be wakeful, why art you sleeping heedlessly. | ਜਾਗਦਾ ਰਹੁ, ਹੇ ਬੰਦੇ! ਜਾਗਦਾ ਰਹੁ ਤੂੰ ਕਿਉਂ ਬੇਪਰਵਾਹ ਹੋ ਕੇ ਸੌਂ ਰਿਹਾ ਹੈਂ। |
| ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ।।੧।। ਰਹਾਉ।। | The body that was born with you even that shall not go with you. Pause. | ਦੇਹ ਜਿਹੜੀ ਤੇਰੇ ਨਾਲ ਪੈਦਾ ਹੋਈ ਸੀ, ਉਹ ਭੀ ਤੇਰੇ ਨਾਲ ਨਹੀਂ ਜਾਣੀ। ਠਹਿਰਾਉ। |
| ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ।। ਜੀਉ ਛੁਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ।।੧।। | The mother, father, sons and relatives, to whom you bearest love, will throw your body into the fire, when the soul separates from it. | ਮਾਂ, ਪਿਉ, ਪੁਤ੍ਰ ਅਤੇ ਸਾਕ-ਸੈਨ, ਜਿਨ੍ਹਾਂ ਨਾਲ ਤੂੰ ਪਿਆਰ ਪਾਇਆ ਹੋਇਆ ਹੈ ਤੇਰੇ ਸਰੀਰ ਨੂੰ ਅੱਗ ਵਿਚ ਸੁਟ ਪਾਉਣਗੇ, ਜਦ ਆਤਮਾ ਇਸ ਤੋਂ ਵਖਰੀ ਹੋ ਵੰਞੇਗੀ। |
| ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ।। | Know you that the affairs of the world last only till one is alive. | ਤੂੰ ਜਾਣ ਲੈ ਕਿ ਸੰਸਾਰ ਦੇ ਕਾਰ-ਵਿਹਾਰ ਉਦੋਂ ਤਾਂਈਂ ਹੀ ਹਨ, ਜਦ ਤਾਂਈਂ ਕਿ ਇਨਸਾਨ ਜੀਉਂਦਾ ਹੈ। |
| ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ।।੨।।੨।। | Nanak, sing you the praises of the Lord. Everything is like a dream. | ਨਾਨਕ, ਤੂੰ ਸਾਹਿਬ ਦੀਆਂ ਸਿਫ਼ਤਾਂ ਗਾਇਨ ਕਰ। ਹਰ ਚੀਜ਼ ਸੁਪਨੇ ਦੀ ਮਾਨੰਦ ਹੈ। |
| ਬਿਲਾਵਲੁ ਮਹਲਾ ੫।। | Bilawal 5th Guru. | ਬਿਲਾਵਲ ਪੰਜਵੀਂ ਪਾਤਿਸ਼ਾਹੀ।। |
| ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ।। ਸੁਖ ਉਪਜੇ ਬਾਜੇ ਅਨਹਦ ਤੂਰੇ ।।੧।। ਰਹਾਉ।। | The Guru, the Perfect True Guru, has blessed me with peace. | ਗੁਰਾਂ, ਪੂਰਨ ਸਚੇ ਗੁਰਾਂ ਨੇ ਮੈਨੂੰ ਠੰਢ-ਚੈਨ ਪਰਦਾਨ ਕੀਤਾ ਹੈ। |
| ਸੁਖ ਉਪਜੇ ਬਾਜੇ ਅਨਹਦ ਤੂਰੇ ।।੧।। ਰਹਾਉ।। | Joy has welled up and the bugles of joy incessantly play. Pause. | ਖ਼ੁਸ਼ੀ ਉਤਪੰਨ ਹੋ ਗਈ ਹੈ ਅਤੇ ਖ਼ੁਸ਼ੀ ਦੇ ਤੁਰਮ ਇਕਰਸ ਵਜਦੇ ਹਨ। ਠਹਿਰਾਉ। |
| ਤਾਪ ਪਾਪ ਸੰਤਾਪ ਬਿਨਾਸੇ।। ਹਰਿ ਸਿਮਰਤ ਕਿਲਵਿਖ ਸਭਿ ਨਾਸੇ।।੧।। | My sufferings, sins and affictions are dispelled. | ਮੇਰੇ ਦੁਖੜੇ, ਗੁਨਾਹ ਅਤੇ ਕਲੇਸ਼ ਨਾਸ ਹੋ ਗਏ ਹਨ। |
| ਹਰਿ ਸਿਮਰਤ ਕਿਲਵਿਖ ਸਭਿ ਨਾਸੇ।।੧।। | Meditating on the Lord, all my vices have hastened away. | ਸਾਹਿਬ ਦਾ ਸਿਮਰਨ ਕਰਨ ਦੁਆਰਾ, ਮੇਰੇ ਸਾਰੇ ਕਸਮਲ ਦੌੜ ਗਏ ਹਨ। |
| ਅਨਦੁ ਕਰਹੁ ਮਿਲਿ ਸੁੰਦਰ ਨਾਰੀ।। ਗੁਰਿ ਨਾਨਕ ਮੇਰੀ ਪੈਜ ਸਵਾਰੀ।।੨।।੩।।੨੧।। | Meeting togather, O the beauteous brides, make you merry. Guru Nanak has saved my honour. | ਇਕੱਠੀਆਂ ਹੋ ਕੇ, ਹੇ ਸੋਹਣੀਓ ਮਹੇਲੀਓ! ਤੁਸੀਂ ਮੌਜਾਂ ਮਾਣੋ। ਗੁਰੂ ਨਾਨਕ ਨੇ ਮੇਰੀ ਪਤਿ ਆਬਰੂ ਰਖ ਲਈ ਹੈ। |

### ਡਿਪਲੋਮਾ ਇਨ ਗੁਰਮਤਿ ਸੰਗੀਤ ਦਾ ਦਾਖਲਾ ਸ਼ੁਰੂ

ਦਾਖਲਾ ਫਾਰਮ ਅਤੇ ਟਿਊਸ਼ਨਫੀਸ ਪ੍ਰਾਪਤ ਕਰਨ ਦੀ ਮਿਤੀ : ਬਿਨਾ ਲੇਟ ਫੀਸ 30 ਸਤੰਬਰ 1998, 200 ਰੁਪਏ ਲੇਟ ਫੀਸ ਨਾਲ 30 ਅਕਤੂਬਰ 1998, ਪ੍ਰਾਸਪੈਕਟਸ ਮੰਗਵਾਉਣ ਲਈ ਪਤਾ:
ਮੁੱਖੀ ਪੱਤਰ ਵਿਹਾਰ ਸਿੱਖਿਆ ਪੰਜਾਬੀ ਯੂਨੀਵਰਸਿਟੀ ਪਟਿਆਲਾ
ਹੋਰ ਪੁਛਗਿੱਛ ਲਈ ਫੋਨ ਨੰਬਰ :
ਯੂਨੀਵਰਸਿਟੀ ਐਕਸਚੇਂਜ- (0175)-282461-65 ਮੁਖੀ ਪੱਤਰ ਵਿਆਹ ਸਿੱਖਿਆ ਐਕਟੇਨਸ਼ਨ-6182 ਮੁਖੀ, ਸੰਗੀਤ ਵਿਭਾਗ- (0175) 282461-65 ਐਕਸਟੈਨਸ਼ਨ 6107
ਚੰਡੀਗੜ੍ਹ- ਸ੍ਰ. ਹਰਿਭਜਨ ਸਿੰਘ ਚੋਪੜਾ, 1246 ਸੈਕਟਰ 22-ਸੀ, ਫੋਨ- 713915, 701396

# ਗੁਰਮੁਖ ਢੂਢ ਢੂਢੇਦਿਆਂ

## (Free Matrimonial Service)

❑: Suitable Female Match for a Ramgarhia Sikh computer Engineer in USA (5' 8", 29) Father retired Engineer Central Govt. Mother Educated House wife. One brother one sister, both Married and well settled contact ***Box No 34***

❑: Suitable Male match for convent Educated, B. Com, B. Ed, Teacher in convent School, 5' 6", 30 contact ***Box 0035***

❑: Suitable Amritdhari Match for a 35, 165 cm. Arora Girl, M.Sc, B.Ed, Chandigarh, B.Sc Hons, New Delhi, Post Graduate Teacher, in Delhi, Drawing Handsome Salary, ELDERS from Dist Sialkot, Contact ***Box 0036***

❑: Suitable Match for a Teetotaller Non-Trimmer Gursikh (25, 5' 10") BFA working as Art Executive, at Punwire, Mohali, Salary 8500. Contact ***Box 0037***

❑ Well Established Teetotaller Sikh Match for a Homely, Bharij, Graduate girl, (29, 4' 9") one sister, No brothers. Father private service. Contact. ***Box. 0038***

❑ Suitable Match For a Labana Sikh Nurse, (24, 5'1") +2 and Diploma GNM from Patiala, at present serving PGI, salary Rs. 9000/- Contact ***Box-0039.***

❑ Suitable Non trimmer, Teetotaller, Sikh (Arora/Khatri) preferably graduate and Govt. Service, of well settled in Business Match for Arora Sikh girl. Slim (23 1/2 yrs, 5' 1 3/4) graduate, doing Computer Diploma final in July 98, can recite Kirtan, Parents Pensioners, Elders Hailing from Sargodha/ Lyallpur, Contact ***Box 0040.***

❑ American citizen/Immigrant for a M.Sc(Statistics) Bhullar tee-totaller Boy owning Auto Insurance Company in U.S.A.(29- 5'10"). Elder Brother, Doctor and Permanent resident of Australia/New Zealand. Contact ***Box No.0041.***

❑ Suitable Gursikh Male match for issueless divorcee (30- 5') fair complexion, affectionate, homely, Post Graduate, employed near Panchkula as teacher, father, employed Shop Supdt. Railways.Contact ***Box No. 0042***

❑ Suitable Gursikh Homely Girl for a Blind Arora Sikh Boy (25) Tabla/Vocal B.A, serving Govt. school, Earning Rs 7000 P.m owns house. Contact. ***Box No 0046.***

❑ Suitable Arora Wellsettled Gursikh Male match for a very beautiful tall girl (5' 6 1/2", 24+) pleasing nature, convent educated, English Hons, LLB, Prectising H.C. family highly educated, well settled, ***Contact Box 0043***

❑ Amritdhari, Homely, Social, Reciting Kirtan, Female Match For a Kochar under Graduate Businessman, Running own Industry Mohali, (26+) Father, Retd. Pb. Govt 1983, ***Contact Box 0044***

❑ Suitable male match for a Lamba, Graduate, Sikh Kashyap Rajput (Mehra) (5' 4", 28) Beauticean, Diploma in Beauty Advanced Technology, Typing, Stitching, & Business Management, ***Contact BoX 0045***

❑ Professionally qualified match for fair slim Khatri Sikh girl MBBS PCMS-I, doing post graduation 29 plus/ 158 respectable Chandigarh based family. ***Contact Box 0046A***

❑ Wanted sutable match from a staturs Gursikh family for pretty virtuous homely girl (26,150 cm) MA (Hiotory) Father class 1 officer, brothers doctors ***Contact Box 0047***

❑ Gursikh match for beautiful, slim, brahim sikh girl, (25, 5' 6") M.Com, B.Ed, PGT Public school-Delhi-Caste Asolutely no bar ***Contact Box 0048***

❑ Suitable Male match for issueless legal divorcee (31, 5' 2") B.A, fair Complextion, Ranigarhai vasser, homely girl, one yonger brother, two sisters married, mother housewife, father businessman, ***Contact Box 0049***

❑ Homely (well versed in houshold activities) Kirtan knowing, gursikh girl for Amritdhari Ragi Singh, (32, 5' 6") ***Contact Box 0050***

❑ Gursikh khatri girl of status family for Chadha, M.BA Finance Civil Engineer (26, 5' 6") ***Contact Box 0051***

**Contact: H.B.S. Chopra 1246, Sector 22-B, Chandigarh**

ਅਸੁਨਿ ਆਉ ਪਿਰਾ ਸਾਧਨ ਝੂਰਿ ਮਈ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥ ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥ ਦਹਦਿਸਿ ਸਾਖ ਹਰੀਆਵਲ ਸਹਜਿ ਪਕੈ ਸੋ ਮੀਠਾ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥

## ਗੁਰਪੁਰਬ

| | |
|---|---|
| ਪਾ. ੪ ਗੁਰਿਆਈ ਮਿਲੀ | 4 ਸਤੰਬਰ |
| ਪਾ. ੩ ਜੋਤੀ ਜੋਤਿ ਸਮਾਏ | 6 ਸਤੰਬਰ |
| ਪਾ. ੨ ਗੁਰਿਆਈ ਮਿਲੀ | 10 ਸਤੰਬਰ |
| ਪਾ. ੧ ਜੋਤੀ ਜੋਤਿ ਸਮਾਏ | 15 ਸਤੰਬਰ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਮੇਲਾ ਸ੍ਰੀ ਗੋਇੰਦਵਾਲ, ਸ਼ਰਾਧ ਸ਼ੁਰੂ | 6 ਸਤੰਬਰ |
| ਸ੍ਰੀ ਦੁਰਗਾ ਅਸ਼ਟਮੀ | 29 ਸਤੰਬਰ |
| ਬੈਂਕਾਂ ਦੀ ਛੁੱਟੀ | 30 ਸਤੰਬਰ |


# ਹਰਮੋਨੀਅਮ ਪ੍ਰਾਪਤ ਕਰੋ

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਐਚ. ਐਮ. 74, ਫੇਜ 3 ਬੀ 1

ਮੁਹਾਲੀ

ਫੋਨ-220474


1998

| | | |
|---|---|---|
| ਸੰਮਤ ਬਿਕ੍ਰਮੀ | 2055 | |
| ਸੰਮਤ ਨਾਨਕਸ਼ਾਹੀ | 529 | |
| ਸੰਮਤ ਖਾਲਸਾ | 299-300 | |
| ਸੰਮਤ ਸਾਕਾ | 1920 | |
| ਪੰਚਮੀ | 26 ਸਤੰਬਰ | |
| ਪੂਰਨਮਾਸ਼ੀ | 6 ਸਤੰਬਰ | |
| ਸੰਗ੍ਰਾਂਦ | 16 ਸਤੰਬਰ | |
| ਮੱਸਿਆ | 20 ਸਤੰਬਰ | |

| | | | | | |
|---|---|---|---|---|---|
| ਐਤ SUN | ☆ | 6 22 ਭਾਦਰੋਂ ਪੂਰਨਮਾਸ਼ੀ | 13 29 ਭਾਦਰੋਂ ਅਸੂ ਵਦੀ 8 | 20 5 ਅਸੂ ਮੱਸਿਆ | 27 12 ਅਸੂੰ ਅਸੂ ਸੁਦੀ 6 |
| ਸੋਮ MON | ☆ | 7 23 ਭਾਦਰੋਂ ਅਸੂ ਵਦੀ 1 | 14 30 ਭਾਦਰੋਂ ਅਸੂ ਵਦੀ 9 | 21 6 ਅਸੂ ਅਸੂ ਸੁਦੀ 1 | 28 13 ਅਸੂ ਅਸੂ ਸੁਦੀ 7 |
| ਮੰਗਲ TUE | 1 17 ਭਾਦਰੋਂ ਭਾਦਰੋਂ ਸੁਦੀ 10 | 8 24 ਭਾਦਰੋਂ ਅਸੂ ਵਾਦੀ 2 | 15 31 ਭਾਦਰੋਂ ਅਸੂ ਵਦੀ 10 | 22 7 ਅਸੂ ਅਸੂ ਸੁਦੀ 2 | 29 14 ਅਸੂ ਅਸੂ ਸਦੀ 8 |
| ਬੁਧ WED | 2 18 ਭਾਦਰੋਂ ਭਾਦਰੋਂ ਸੁਦੀ 11 | 9 25 ਭਾਦਰੋਂ ਅਸੂ ਵਾਦੀ 3-4 | 16 1 ਅਸੂ ਅਸੂ ਵਦੀ 11 | 23 8 ਅਸੂ ਅਸੂ ਸੁਦੀ 3 | 30 15 ਅਸੂ ਅਸੂ ਸੁਦੀ 9 |
| ਵੀਰ THU | 3 19 ਭਾਦਰੋਂ ਭਾਦਰੋਂ ਸੁਦੀ 12 | 10 26 ਭਾਦਰੋਂ ਅਸੂ ਵਦੀ 5 | 17 2 ਅਸੂ ਅਸੂ ਵਦੀ 12 | 24 9 ਅਸੂ ਅਸੂ ਸੁਦੀ 3 | ☆ |
| ਸ਼ੁਕਰ FRI | 4 20 ਭਾਦਰੋਂ ਭਾਦਰੋਂ ਸੁਦੀ 13 | 11 27 ਭਾਦਰੋਂ ਅਸੂ ਵਦੀ 6 | 18 3 ਅਸੂ ਅਸੂ ਵਦੀ 13 | 25 10 ਅਸੂ ਅਸੂ ਸੁਦੀ 4 | ☆ |
| ਸ਼ਨੀ SAT | 5 21 ਭਾਦਰੋਂ ਭਾਦਰੋਂ ਸੁਦੀ 14 | 12 28 ਭਾਦਰੋਂ ਅਸੂ ਵਦੀ 7 | 19 4 ਅਸੂ ਅਸੂ ਵਦੀ 14 | 26 11 ਅਸੂ ਅਸੂ ਸੁਦੀ 5 | ☆ |


## ਸਾਡਾ ਵਿਰਸਾ ਸਾਡਾ ਗੌਰਵ

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


ਲੰਘਣ ਤੇ) ਅੱਸੂ (ਦੀ ਮਿੱਠੀ ਰੁੱਤ) ਵਿਚ (ਇਸਤ੍ਰੀ ਦੇ ਦਿਲ ਵਿਚ ਪਤੀ ਨੂੰ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ। ਤਿਵੇਂ ਜਿਸ ਜੀਵ-ਇਸਤ੍ਰੀ ਨੇ ਪ੍ਰਭੂ-ਪਤੀ ਦੇ ਵਿਛੋੜੇ ਵਿਚ ਕਾਮਾਦਿਕ ਵੈਰੀਆਂ ਦੇ ਹੱਲਿਆਂ ਦੇ ਦੁੱਖ ਵੇਖ ਲਏ ਹਨ, ਉਹ ਅਰਦਾਸ ਕਰਦੀ ਹੈ-) ਹੇ ਪ੍ਰਭੂ-ਪਤੀ! (ਮੇਰੇ ਹਿਰਦੇ ਵਿਚ) ਆ ਵੱਸ (ਤੈਥੋਂ ਵਿਛੁੜ ਕੇ) ਮੈਂ ਹਾਹੁਕੇ ਲੈ-ਲੈ ਕੇ ਆਤਮਕ ਮੌਤੇ ਮਰ ਰਹੀ ਹਾਂ, ਮਾਇਕ ਪਦਾਰਥਾਂ ਦੇ ਮੋਹ ਵਿਚ ਫਸ ਕੇ ਮੈਂ ਔਝੜੇ ਪਈ ਹੋਈ ਹਾਂ। ਹੇ ਪ੍ਰਭੂ! ਤੈਨੂੰ ਤਦੋਂ ਹੀ ਮਿਲ ਸਕੀਦਾ ਹੈ ਜੇ ਤੂੰ ਆਪ ਮਿਲਾਏਂ।

(ਜਦੋਂ ਤੋਂ) ਦੁਨੀਆਂ ਦੇ ਝੂਠੇ ਮੋਹ ਵਿਚ ਫਸ ਕੇ ਮੈਂ ਖੁਆਰ ਹੋ ਰਹੀ ਹਾਂ, ਤਦੋਂ ਤੋਂ, ਹੇ ਪਤੀ ਤੈਥੋਂ ਵਿਛੁੜੀ ਹੋਈ ਹਾਂ। ਪਿਲਛੀ ਤੇ ਕਾਹੀ (ਦੇ ਸੁਫੈਦ ਬੂਰ ਵਾਂਗ ਮੇਰੇ ਕੇਸ) ਚਿੱਟੇ ਹੋ ਗਏ ਹਨ, (ਮੇਰੇ ਸਰੀਰ ਦਾ) ਦਾ ਨਿੱਘ ਅਗਾਂਹ ਲੰਘ ਗਿਆ ਹੈ (ਘਟ ਗਿਆ ਹੈ), ਉਸ ਦੇ ਪਿਛੇ ਪਿਛੇ ਸਰੀਰਕ ਕਮਜ਼ੋਰੀ ਆ ਰਹੀ ਹੈ, ਇਹ ਤਮਾਸ਼ਾ ਵੇਖ ਕੇ ਮੇਰਾ ਮਨ ਘਬਰਾ ਰਿਹਾ ਹੈ (ਕਿਉਂਕਿ ਅਜੇ ਤਕ ਤੇਰਾ ਦੀਦਾਰ ਨਹੀਂ ਹੋ ਸਕਿਆ)। (ਕਾਹੀ ਪਿਲਛੀ ਦਾ ਹਾਲ ਵੇਖ ਕੇ ਤਾਂ ਮਨ ਡੋਲਦਾ ਹੈ, ਪਰ) ਹਰ ਪਾਸੇ (ਬਨਸਪਤੀ ਦੀਆਂ) ਹਰੀਆਂ ਸ਼ਾਖਾਂ ਦੀ ਹਰਿਆਵਲ ਵੇਖ ਕੇ (ਇਹ ਧੀਰਜ-ਆਉਂਦਾ ਹੈ ਕਿ) ਅਡੋਲ ਅਵਸਥਾ ਵਿਚ (ਜੇਹੜਾ ਜੀਵ) ਦ੍ਰਿੜ੍ਹ ਰਹਿੰਦਾ ਹੈ, ਉਸੇ ਨੂੰ ਪ੍ਰਭੂ-ਮਿਲਾਪ ਦੀ ਮਿਠਾਸ (ਖ਼ੁਸ਼ੀ) ਮਿਲਦੀ ਹੈ।

ਹੇ ਨਾਨਕ! ਅੱਸੂ (ਦੀ ਮਿੱਠੀ ਰੁੱਤ) ਵਿਚ (ਤੂੰ ਭੀ ਅਰਦਾਸ ਕਰ ਤੇ ਆਖ-) ਹੇ-ਪਿਆਰੇ ਪ੍ਰਭੂ! (ਮੇਹਰ ਕਰ) ਗੁਰੂ ਦੀ ਰਾਹੀਂ ਮੈਨੂੰ ਮਿਲ।

ਭਾਵ:- ਜਿਹੜਾ ਮਨੁੱਖ ਦੁਨੀਆਂ ਦੇ ਝੂਠੇ ਮੋਹ ਵਿਚ ਫਸ ਜਾਂਦਾ ਹੈ, ਉਹ ਪਰਮਾਤਮਾ ਦੇ ਚਰਨਾਂ ਤੋਂ ਵਿਛੁੜਿਆ ਰਹਿੰਦਾ ਹੈ। ਪਰ ਜਿਹੜਾ ਮਨੁੱਖ ਪਰਮਾਤਮਾ ਦੀ ਮਿਹਰ ਨਾਲ ਗੁਰੂ ਦੀ ਸ਼ਰਨ ਪੈਂਦਾ ਹੈ ਉਹ ਮਾਇਆ ਦੇ ਮੋਹ ਦੇ ਹੱਲਿਆਂ ਵਲੋਂ ਅਡੋਲ ਹੋ ਜਾਂਦਾ ਹੈ ਤੇ ਉਸ ਨੂੰ ਪ੍ਰਭੂ-ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ।

# Anand Nishikawa wins prestigious Maruti Award

Anand Nishikawa Company Limited (An ISO 9002 Company) has been awarded the prestigious Maruti Award for the BEST PERFORMING VENDOR. Union Industry Minister - Mr. Sikander Bakht, handed over the prestigious award to Managing Director, Mr. Iqbal Singh Anand on the 25th June 1998 at New Delhi. In the ceremony, the contribution of Anand Nishikawa Company Limited towards the overall industrial growth was applauded by the senior Government officials.

ANCO, has completed 12 years of service to the nation. It's plant at Rudrapur was started with technical assistance from ETS Lescuyer S. A. France with an installed capacity of 10 million meters of EPDM dense, sponge, flock profiles.

In 1997, a new plant was set up at Lalru (Punjab) in collaboration with NISHIKAWA RUBBER COMPANY LIMITED OF JAPAN. N.R. C. is one of the leading weatherstrip companies of the world. The plant latest technology to produce EPDM rubber, PVC and Co Extruded Profiles.

These technical tie up's have helped ANCO in producing world class weather strips. ANCO employs more than 1500 persons.The staff consists of highly trained professionals with wide experience in the automobile sector.

Initially India was dependent upon import of the EPDM profiles but now we are also exporting these, and earning invaluable foreign exchange. ANCO is exporting weather-strips to USA, Italy, Germany, Luxembourg, Egypt, Nigeria, South Africa, Mauritius, Morocco, Tunishia, Kenya, Ghana, Philippines, Sri Lanka, Malaysia, Syria, Middle East, Australia, West Indies and Columbia, By acquiring the latest technology, ANCO is at par with other leading weatherstrip companies of the world.

The R & D section also has a very highly qualified team, who help in providing innovations and product modification from time to time. The quality check is on a 100% basis. ANCO has a very wide range of the latest testing machines for checking the quality of the raw material and finished goods.

The company is OEM (Original Equipment Manufacturer) to almost all the big corporate's in the India automotive industry :-
MARUTI UDYOG LTD. HINDUSTAN MOTERS LTD. ASHOKLEYLAND LTD.
DAEWOO MOTORS INDIA LTD. GENERAL MOTORS INDIA LTD. HIDUSTAN MITSHUBISHILANCER
HONDA SEIL CARS LTD. MAHINDRA & MAHINDRA TELCO.

ANCO has been selected as supplier for Toyota's car project, proving it's leadership in the weather-strips market. ANCO is also a key supplier to The Indian Railways, and also for New state of the art aerodynamic A.C. Buses. ANCO is also supplier to the different refrigerated & sea worthy containers manufacturers, who in turn are exporting to different global markets.

Within a short span of time ANCO, has been successful in establishing it's brand name "ALP" in Indian and Overseas maket, Presently ANCO has developed a product range of 2,850 profiles for the automotive, Building, White Goods, Railways, Shipping, and Bus Body Building sections.

(Indian Rubber Journal July-Aug. 1998)

Registration No.
Chandigarh Division / 52 / 98
RNI Regd. No. 46788/89

**BOOK POST**
(Printed Matter)

To

*If undelivered please return to:*

**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 9 ਸਾਲ ਦਸਵਾਂ ਸਤੰਬਰ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।